British Columbia
The Best Place on Earth

Ministry of Children and Family Development

# ਮਾਪਿਆਂ ਲਈ ਕਿਤਾਬਚਾ:

## ਆਟਿਜ਼ਮ ਪ੍ਰੋਗਰਾਮਾਂ ਬਾਰੇ ਤੁਹਾਡੀ ਗਾਈਡ



ਨਵੰਬਰ 2009

Punjabi

# ਵਿਸ਼ਾ ਸੂਚੀ


**ਜਾਣ ਪਛਾਣ** **1**

ਵਿਸ਼ੇਸ਼ ਲੋੜਾਂ ਵਾਲੇ ਛੋਟੇ ਬੱਚਿਆਂ ਅਤੇ ਯੁਵਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਸੇਵਾਵਾਂ ਅਤੇ ਸਹਾਇਤਾ 1

ਆਟਿਜ਼ਮ ਵਿਗਾੜ ਕੀ ਹੈ? 2

ਆਟਿਜ਼ਮ ਵਿਗਾੜ ਦੇ ਮੁੱਢਲੇ ਸੰਕੇਤ 3

ਕੀ ਕਰਨਾ ਚਾਹੀਦਾ ਹੈ ਜਦੋਂ ਤੁਹਾਨੂੰ ਲੱਗੇ ਕਿ ਤੁਹਾਡੇ ਬੱਚੇ ਨੂੰ ਆਟਿਜ਼ਮ ਵਿਗਾੜ ਹੈ 4

ਆਟਿਜ਼ਮ ਵਿਗਾੜ ਹੋਣ ਦੇ ਕੀ ਕਾਰਣ ਹਨ? 5

ਕੀ ਕੋਈ ਇਲਾਜ ਹੈ? 5

**ਮੁਲਾਂਕਣ ਅਤੇ ਰੋਗ ਪਛਾਣ** **6**

ਬ੍ਰਿਟਿਸ਼ ਕੋਲੰਬੀਆ ਆਟਿਜ਼ਮ ਅਸੈੱਸਮੈਂਟ ਨੈੱਟਵਰਕ (ਬੀ.ਸੀ.ਏ.ਏ.ਐਨ.) 6

ਬੀ.ਸੀ.ਏ.ਏ.ਐੱਨ. ਤੋਂ ਬਾਹਰੀ (ਪ੍ਰਾਈਵੇਟ) ਮੁਲਾਂਕਣ ਅਤੇ ਰੋਗ-ਪਛਾਣ 6

ਛੇ ਸਾਲ ਤੋਂ ਵੱਡੇ ਬੱਚੇ ਜਿਨ੍ਹਾਂ ਵਿੱਚ 1 ਅਪ੍ਰੈਲ 2004 ਤੋਂ ਪਹਿਲਾਂ ਏ.ਐਸ.ਡੀ. ਹੋਣ ਦਾ ਪਤਾ ਲੱਗ ਚੁੱਕਾ ਹੈ 6

ਕਿਸੇ ਹੋਰ ਸੂਬੇ ਵਿਚੋਂ ਬੀ.ਸੀ. ਸੂਬੇ ਵਿੱਚ ਆਉਣਾ 6

ਕਿਸੇ ਹੋਰ ਦੇਸ਼ ਵਿਚੋਂ ਬੀ.ਸੀ. ਸੂਬੇ ਵਿੱਚ ਆਉਣਾ 6

ਮੇਰੇ ਬੱਚੇ ਵਿੱਚ ਆਟਿਜ਼ਮ ਵਿਗਾੜ ਦੀ ਮੌਜੂਦਗੀ ਪਾਈ ਗਈ ਹੈ। ਮੈਨੂੰ ਕੀ ਕਰਨਾ ਚਾਹੀਦਾ ਹੈ? 8

ਆਟਿਜ਼ਮ ਪ੍ਰੋਗਰਾਮਾਂ ਵਿੱਚ ਦਾਖ਼ਲ ਹੋਣ ਲਈ ਅਰਜ਼ੀ ਦੇਣਾ 8

**ਆਟਿਜ਼ਮ ਪ੍ਰੋਗਰਾਮ** **9**

ਆਟਿਜ਼ਮ ਲਈ ਮਾਇਕ ਸਹਾਇਤਾ: 6 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ 9

ਆਟਿਜ਼ਮ ਲਈ ਸੇਵਾ ਪ੍ਰਦਾਨ ਕਰਨ ਵਾਲਿਆਂ ਦੀ ਸੂਚੀ (ਆਰ.ਏ.ਐਸ.ਪੀ.) 9

ਆਪਣੇ 6 ਸਾਲ ਤੋਂ ਛੋਟੇ ਬੱਚੇ ਲਈ ਆਟਿਜ਼ਮ ਦਾ ਇਲਾਜਾਤਮਕ ਪ੍ਰੋਗਰਾਮ ਸਥਾਪਿਤ ਕਰਨਾ 12

ਆਟਿਜ਼ਮ ਲਈ ਮਾਇਕ ਸਹਾਇਤਾ: 6 ਸਾਲ ਤੋਂ 18 ਸਾਲ ਦੀ ਉਮਰ ਦੇ ਬੱਚਿਆਂ ਲਈ 13

ਆਟਿਜ਼ਮ ਦੇ ਪ੍ਰੋਗਰਾਮਾਂ ਦੀਆਂ ਸੇਵਾਵਾਂ ਹਾਸਲ ਕਰਨੀਆਂ 16

**ਮਾਇਕ ਸਹਾਇਤਾ** **17**

ਇਨਵੋਇਸ ਰਾਹੀਂ ਪੇਮੈਂਟ 17

**ਆਟਿਜ਼ਮ ਲਈ ਮਾਇਕ ਸਹਾਇਤਾ ਦੇ ਪ੍ਰੋਗਰਾਮ ਅਤੇ ਮਾਪਿਆਂ ਦੀਆਂ ਜ਼ਿੰਮੇਵਾਰੀਆਂ** **17**

**ਪਾਲਣ ਵਾਲ਼ੇ ਮਾਪੇ ਅਤੇ ਦੇਖ-ਰੇਖ ਹੇਠਲੇ ਬੱਚੇ** **19**

**ਅਪੀਲਾਂ ਜਾਂ ਸ਼ਿਕਾਇਤਾਂ** **19**

**ਰਾਜ਼ਦਾਰੀ ਅਤੇ ਤੁਹਾਡੀ ਭੇਤਦਾਰੀ** **19**

**ਮਾਪਿਆਂ ਲਈ ਸੁਝਾਅ** **20**

ਮੇਰੇ ਬੱਚੇ ਨਾਲ ਕਿਸ-ਕਿਸ ਦਾ ਵਾਹ ਰਹੇਗਾ? 20

ਸੇਵਾਵਾਂ ਉੱਤੇ ਮੈਂ ਕਿੰਨਾ ਕੁ ਖਰਚ ਹੋਣ ਦੀ ਉਮੀਦ ਕਰਾਂ? 21

ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੇਰੇ ਬੱਚੇ ਦੇ ਵਿਗਾੜ ਦਾ ਸਹੀ ਇਲਾਜ ਹੋ ਰਿਹਾ ਹੈ? 21

ਇਲਾਜ ਦੀ ਵਿਵਹਾਰਕ ਵਿਉਂਤ (ਬੀ.ਪੀ.ਆਈ.) ਕੀ ਹੈ? 23

**ਸਾਡੇ ਨਾਲ਼ ਸੰਪਰਕ ਕਰੋ** **24**

**ਅੰਤਿਕਾਵਾਂ**

1. ਬੀ.ਸੀ. ਵਿੱਚ ਸੇਵਾਵਾਂ ਅਤੇ ਆਟਿਜ਼ਮ ਦੀਆਂ ਜਥੇਬੰਦੀਆਂ 25

2. ਇਲਾਜ ਦੀ ਵਿਵਹਾਰਕ ਵਿਉਂਤ 27

3. ਆਟਿਜ਼ਮ ਲਈ ਮਾਇਕ ਸਹਾਇਤਾ – ਯੋਗ ਖਰਚਿਆਂ ਦਾ ਸੰਖੇਪ ਵੇਰਵਾ 29

4. ਆਟਿਜ਼ਮ ਲਈ ਮਾਇਕ ਸਹਾਇਤਾ – ਅਯੋਗ ਖਰਚਿਆਂ ਦਾ ਸੰਖੇਪ ਵੇਰਵਾ 30

## ਆਮ ਵਰਤੋਂ ਵਾਲੇ ਸੰਖੇਪ ਮੁੱਢ-ਅੱਖਰੀ ਸ਼ਬਦ

**ਏ.ਐਸ.ਡੀ.:** *ਆਟਿਜ਼ਮ ਸਪੈਕਟ੍ਰੱਮ ਡਿਸਆਰਡਰ*
**ਐਮ.ਸੀ.ਐਫ਼.ਡੀ.:** *ਮਨਿਸਟਰੀ ਔਫ਼ ਚਿਲਡਰਨ ਐਂਡ ਫ਼ੈਮਲੀ ਡਿਵੈਲਪਮੈਂਟ ਜਾਂ "ਮਨਿਸਟਰੀ"*

# ਜਾਣ ਪਛਾਣ

ਇਹ ਕਿਤਾਬਚਾ ਉਨ੍ਹਾਂ ਮਾਪਿਆਂ ਜਾਂ ਸੰਭਾਲ ਪ੍ਰਦਾਨ ਕਰਨ ਵਾਲਿਆਂ ਵਾਸਤੇ ਹੈ ਜਿਹਨਾਂ ਦੇ ਬੱਚਿਆਂ ਜਾਂ ਯੁਵਕਾਂ ਨੂੰ ਆਟਿਜ਼ਮ (ਸਵੈ-ਲੀਨਤਾ ਜਾਂ ਏ.ਐਸ.ਡੀ.) ਵਿਗਾੜ ਹੋ ਚੁੱਕੇ ਹੋਣ ਦੀ ਗੁੰਜਾਇਸ਼ ਹੋਵੇ, ਜਾਂ ਉਨ੍ਹਾਂ ਨੂੰ ਆਟਿਜ਼ਮ ਹੋਣ ਬਾਰੇ ਪਤਾ ਲੱਗ ਚੁੱਕਾ ਹੋਵੇ। (ਨੋਟ: ਆਟਿਜ਼ਮ ਵਿਗਾੜ ਨੂੰ ਅੰਗਰੇਜ਼ੀ ਵਿੱਚ ਆਟਿਜ਼ਮ ਸਪੈਕਟ੍ਰਮ ਡਿਸਆਰਡਰ ਕਿਹਾ ਜਾਂਦਾ ਹੈ ਜਿਸਦਾ ਸੰਖੇਪ ਏ.ਐਸ.ਡੀ. ਹੈ)। ਇਸ ਕਿਤਾਬਚੇ ਵਿੱਚ ਏ.ਐਸ.ਡੀ. ਤੋਂ ਪੀੜਤ ਛੋਟੇ ਬੱਚਿਆਂ, ਯੁਵਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਏ.ਐਸ.ਡੀ. ਬਾਰੇ, ਇਲਾਜ (ਇੰਟਰਵੈਨਸ਼ਨ), ਅਤੇ ਸਹਾਇਤਾ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਰਜ ਹੈ। ਏ.ਐਸ.ਡੀ. ਤੋਂ ਪੀੜਤ ਛੋਟੇ ਬੱਚਿਆਂ, ਯੁਵਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਮੁਲਾਂਕਣ, ਰੋਗ-ਪਛਾਣ, ਇਲਾਜ, ਅਤੇ ਸਹਾਇਤਾ ਦੀਆਂ ਸੇਵਾਵਾਂ ਪ੍ਰਦਾਨ ਕਰਨ ਲਈ।

ਏ.ਐਸ.ਡੀ. ਤੋਂ ਪੀੜਤ ਛੋਟੇ ਬੱਚਿਆਂ, ਯੁਵਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਮੁਲਾਂਕਣ, ਰੋਗ-ਪਛਾਣ, ਇਲਾਜ, ਅਤੇ ਸਹਾਇਤਾ ਦੀਆਂ ਸੇਵਾਵਾਂ ਪ੍ਰਦਾਨ ਕਰਨ ਲਈ ਮਨਿਸਟਰੀ ਔਫ਼ ਚਿਲਡਰਨ ਐਂਡ ਫੈਮਲੀ ਡਿਵੈਲਪਮੈਂਟ (ਐਮ.ਸੀ.ਐਫ਼.ਡੀ.) ਅਤੇ ਐਜੁਕੇਸ਼ਨ ਐਂਡ ਹੈਲ਼ਥ ਸਰਵਿਸਿਜ਼ ਇੱਕਠੇ ਮਿਲ ਕੇ ਕੰਮ ਕਰਦੇ ਹਨ।

## *ਵਿਸ਼ੇਸ਼ ਲੋੜਾਂ ਵਾਲੇ ਛੋਟੇ ਬੱਚਿਆਂ ਅਤੇ ਯੁਵਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਸੇਵਾਵਾਂ ਅਤੇ ਸਹਾਇਤਾ*

ਪੰਨਾ ਨੰਬਰ 9-16 ਉਤੇ ਬਿਆਨ ਕੀਤੇ ਆਟਿਜ਼ਮ ਦੇ ਪ੍ਰੋਗਰਾਮਾਂ ਦੇ ਨਾਲ ਨਾਲ ਐਮ.ਸੀ.ਐਫ਼.ਡੀ. ਵਿਸ਼ੇਸ਼ ਲੋੜਾਂ ਵਾਲੇ ਛੋਟੇ ਬੱਚਿਆਂ ਅਤੇ ਯੁਵਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਬਹੁਤ ਸਾਰੀਆਂ ਹੋਰ ਸੇਵਾਵਾਂ ਵੀ ਪ੍ਰਦਾਨ ਕਰਦੀ ਹੈ। ਇਨ੍ਹਾਂ ਪ੍ਰੋਗਰਾਮਾਂ ਵਿੱਚ ਸ਼ਾਮਲ ਹਨ:

- ਐਬਓਰਿਜਨਲ ਇਨਫੈਂਟ ਡਿਵੈਲਪਮੈਂਟ ਪ੍ਰੋਗਰਾਮ
- ਐਬਓਰਿਜਨਲ ਸਪੋਰਟਿੰਡ ਚਾਈਲਡ ਡਿਵੈਲਪਮੈਂਟ
- ਐਟ ਹੋਮ ਪ੍ਰੋਗਰਾਮ (ਡਾਕਟਰੀ ਅਤੇ ਰਾਹਤ)
- ਕਮਿਊਨਿਟੀ ਬ੍ਰੇਨ ਇੰਜਰੀ ਪ੍ਰੋਗਰਾਮ
- ਅਰਲੀ ਇੰਟਰਵੈਨਸ਼ਨ ਥੈਰਪੀ
- ਇਨਫੈਂਟ ਡਿਵੈਲਪਮੈਂਟ ਪ੍ਰੋਗਰਾਮ
- ਕੀਅ ਵਰਕਰ ਐਂਡ ਪੇਰੈਂਟ ਸਪੋਰਟ (ਮੁੱਖ ਵਰਕਰ ਅਤੇ ਮਾਪਿਆਂ ਦੀ ਸਹਾਇਤਾ)
- ਨਰਸਿੰਗ ਸਪੋਰਟ ਸਰਵਿਸਜ਼
- ਪ੍ਰੋਵਿੰਸ਼ਲ ਆਊਟਰੀਚ ਐਂਡ ਪ੍ਰੋਫ਼ੈਸ਼ਨਲ ਸਪੋਰਟਸ
- ਬੋਲ਼ੇ ਅਤੇ ਸੁਣਨ ਵਿੱਚ ਔਖਿਆਈ ਵਾਲੇ ਲੋਕਾਂ ਲਈ ਸੂਬਾਈ ਸੇਵਾਵਾਂ
- ਸਕੂਲ-ਏਜਡ ਥੈਰਪੀਜ਼
- ਸਪੋਰਟਿੰਡ ਚਾਈਲਡ ਡਿਵੈਲਪਮੈਂਟ

ਪ੍ਰੋਗਰਾਮ ਲਈ ਯੋਗਤਾ ਸੰਬੰਧੀ ਜਾਣਕਾਰੀ ਵਾਸਤੇ **ਵੈਬਲਿੰਕ** (*WEBLINK*) ਦੇਖੋ।



### ਵੈੱਬਲਿੰਕ (*WEBLINK*)

www.mcf.gov.bc.ca/spec_needs/index.htm (ਅੰਗਰੇਜ਼ੀ)

## ਆਟਿਜ਼ਮ ਵਿਗਾੜ ਕੀ ਹੈ?

ਆਟਿਜ਼ਮ ਵਿਗਾੜ ਇੱਕ ਗੁੰਝਲਦਾਰ ਰੋਗ ਹੈ ਜਿਹੜਾ ਦਿਮਾਗ਼ ਦੇ ਸਾਧਾਰਣ ਵਿਕਾਸ ਉੱਤੇ ਅਸਰ ਪਾਉਂਦਾ ਹੈ ਅਤੇ ਵਿਅਕਤੀ ਦੇ ਸਮਾਜਿਕ ਸੰਬੰਧਾਂ, ਗੱਲਬਾਤ ਕਰ ਸਕਣ ਦੀ ਕਾਬਲੀਅਤ, ਦਿਲਪਸਪੀਆਂ ਅਤੇ ਵਤੀਰੇ ਨੂੰ ਪ੍ਰਭਾਵਿਤ ਕਰਦਾ ਹੈ। ਅਧਿਐਨਾਂ ਤੋਂ ਪਤਾ ਲੱਗਿਆ ਹੈ ਕਿ ਹਰ 150 ਬੱਚਿਆਂ ਵਿਚੋਂ ਇੱਕ ਏ.ਐਸ.ਡੀ. ਤੋਂ ਪ੍ਰਭਾਵਿਤ ਹੁੰਦਾ ਹੈ। ਏ.ਐਸ.ਡੀ. ਆਮ ਕਰ ਕੇ ਜੀਵਨਕਾਲ ਦੇ ਮੁੱਢਲੇ ਸਾਲਾਂ ਵਿੱਚ ਉੱਭਰਦਾ ਹੈ, ਅਕਸਰ 3 ਸਾਲ ਦੀ ਉਮਰ ਤੋਂ ਪਹਿਲਾਂ, ਅਤੇ ਕੁੜੀਆਂ ਦੇ ਮੁਕਾਬਲੇ ਮੁੰਡਿਆਂ ਵਿੱਚ ਚਾਰ ਤੋਂ ਪੰਜ ਗੁਣਾਂ ਵੱਧ ਹੁੰਦਾ ਹੈ।

ਆਟਿਜ਼ਮ ਵਿਗਾੜ (ਏ.ਐਸ.ਡੀ.) ਕਈ ਮਿਲਦੇ ਜੁਲਦੇ ਵਿਗਾੜਾਂ ਦੇ ਸਮੂਹ ਲਈ ਵਰਤਿਆ ਜਾਂਦਾ ਆਮ ਸ਼ਬਦ ਹੈ ਅਤੇ ਇਸ ਵਿੱਚ ਇਹ ਵਿਗਾੜ ਸ਼ਾਮਲ ਹਨ: ਆਟਿਸਟਿਕ ਡਿਸਆਰਡਰ (Autistic Disorder), ਐਸਪਰਗਰਜ਼ ਡਿਸਆਰਡਰ (Asperger's Disorder), ਪਰਵੇਸਿਵ ਡਿਵੈਲਪਮੈਂਟ ਡਿਸਆਰਡਰ - ਜੋ ਹੋਰ ਕਿਸੇ ਵਿਸ਼ੇਸ਼ ਵਰਗ ਵਿੱਚ ਨਹੀਂ ਆਉਂਦਾ [Pervasive Developmental Disorder (PDD-NOS), ਰੈੱਟਜ਼ ਡਿਸਆਰਡਰ (Rett's Disorder)], ਅਤੇ ਚਾਈਲਡਹੁੱਡ ਡਿੱਸਇਨਟੈਗਰੇਟਿਵ ਡਿਸਆਰਡਰ [(Childhood Disintegrative Disorder (CDD)]। ਇਨ੍ਹਾਂ ਸਾਰੇ ਵਿਗਾੜਾਂ ਵਿੱਚ ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲਾ ਲੱਛਣ ਸਮਾਜਕ ਵਰਤਾਓ ਹੈ।

ਏ.ਐਸ.ਡੀ. ਦੀਆਂ ਖ਼ਾਸੀਅਤਾਂ ਅਤੇ ਲੱਛਣ ਬਹੁਤ ਕਿਸਮ ਦੇ ਸੁਮੇਲਾਂ - ਦਰਮਿਆਨੇ ਤੋਂ ਵਧੇਰੇ ਗੰਭੀਰ ਤਕ - ਵਿੱਚ ਪ੍ਰਗਟ ਹੋ ਸਕਦੇ ਹਨ। ਬੇਸ਼ਕ ਏ.ਐਸ.ਡੀ. ਨੂੰ ਕੁੱਝ ਵਿਸ਼ੇਸ਼ ਵਿਵਹਾਰਾਂ ਵਾਲੇ ਸੈੱਟਾਂ ਨਾਲ ਪ੍ਰੀਭਾਸ਼ਤ ਕੀਤਾ ਜਾਂਦਾ ਹੈ, ਫੇਰ ਵੀ ਵਖਰੇ ਵਖਰੇ ਵਿਅਕਤੀਆਂ ਵਿੱਚ ਕਈ ਵਿਵਹਾਰਾਂ ਦਾ ਮੇਲ ਵੱਧ ਜਾਂ ਘੱਟ ਗੰਭੀਰਤਾ ਨਾਲ ਪ੍ਰਗਟ ਹੋ ਸਕਦਾ ਹੈ। ਇਸੇ ਤਰ੍ਹਾਂ ਦੇ ਰੋਗ-ਪਛਾਣ ਵਾਲੇ ਬੱਚਿਆਂ ਵਿੱਚ ਇਹ ਵਰਤਾਓ ਵੱਖਰਾ ਹੋ ਸਕਦਾ ਹੈ ਅਤੇ ਵੱਖਰੇ-ਵੱਖਰੇ ਹੁਨਰਾਂ ਵਿੱਚ ਪ੍ਰਗਟ ਹੋ ਸਕਦਾ ਹੈ। ਇਸ ਕਰ ਕੇ ਏ.ਐਸ.ਡੀ. ਦੀ ਕੋਈ ਪ੍ਰਮਾਣਕ "ਕਿਸਮ" ਜਾਂ ਕੋਈ "ਠੇਠ" ਰੋਗੀ ਨਹੀਂ ਹੁੰਦਾ।

ਆਟਿਜ਼ਮ ਵਿਗਾੜ ਦੀ ਜ਼ੱਦ ਵਿਚਲੇ ਬੱਚਿਆਂ ਦੇ ਲੱਛਣਾਂ ਦਾ ਵੇਰਵਾ ਮਾਪੇ ਕਈ ਕਿਸਮ ਦੇ ਸ਼ਬਦਾਂ ਨਾਲ ਸੁਣਦੇ ਹੋਣਗੇ, ਜਿਵੇਂ ਕਿ: ਆਟਿਸਟਿਕ-ਵਰਗਾ, ਆਟਿਸਟਿਕ ਰੁਚੀਆਂ, ਆਟਿਸਟਿਕ ਸਪੈਕਟ੍ਰੱਮ, ਬਹੁਤ ਵੱਧ ਜਾਂ ਬਹੁੱਤ ਘੱਟ ਸਰਗਰਮੀ ਵਾਲਾ ਆਟਿਜ਼ਮ। ਇਹ ਸਾਰੇ ਸ਼ਬਦ ਬੱਚੇ ਦੀਆਂ ਕਾਬਲੀਅਤਾਂ ਜਾਂ ਲੋੜਾਂ ਨਾਲ ਸੰਬੰਧਿਤ ਨਹੀਂ ਹਨ। ਇਹ ਸਮਝਣਾ ਬਹੁਤ ਅਹਿਮ ਹੈ ਕਿ ਰੋਗ-ਪਛਾਣ ਦਾ ਸਿੱਟਾ ਕੋਈ ਵੀ ਹੋਵੇ, ਬੱਚੇ ਦੀਆਂ ਕਾਬਲੀਅਤਾਂ ਅਤੇ ਲੋੜਾਂ ਉਤੇ ਆਧਾਰਿਤ ਉਚਿਤ ਵਿਦਿਆ ਅਤੇ ਇਲਾਜ ਬੱਚਿਆਂ ਦੀ ਸਮਰਥਾ ਦਾ ਪੂਰਾ ਵਿਕਾਸ ਕਰਨ ਵਿੱਚ ਸਹਾਈ ਹੋ ਸਕਦੇ ਹਨ।



### ਵੈੱਬਲਿੰਕਸ (WEBLINKS)

www.autismsocietycanada.ca (ਅੰਗਰੇਜ਼ੀ)

www.child-autism-parent-cafe.com (ਅੰਗਰੇਜ਼ੀ)

www.cairn-site.com (ਅੰਗਰੇਜ਼ੀ)

## ਆਟਿਜ਼ਮ ਵਿਗਾੜ ਦੇ ਮੁੱਢਲੇ ਸੰਕੇਤ

ਜੇ ਤੁਸੀਂ ਸੋਚਦੇ ਹੋ ਕਿ ਤੁਹਾਡੇ ਬੱਚੇ ਨੂੰ ਆਟਿਜ਼ਮ ਵਿਗਾੜ (ਏ.ਐਸ.ਡੀ.) ਹੋ ਸਕਦਾ ਹੈ ਤਾਂ ਮਿਹਰਬਾਨੀ ਕਰ ਕੇ ਏ.ਐਸ.ਡੀ. ਹੋਣ ਦੀਆਂ ਸਾਰੀਆਂ ਸੰਭਾਵੀ ਨਿਸ਼ਾਨੀਆਂ ਲਈ ਹੇਠਾਂ ਦਿਤੀ ਸੂਚੀ ਚੰਗੀ ਤਰ੍ਹਾਂ ਪੜ੍ਹੋ। ਬੱਚੇ ਦੇ ਮੁਲਾਂਕਣ ਦੀ ਸਿਫਾਰ੍ਹਸ਼ ਕੀਤੇ ਜਾਣ ਲਈ ਜ਼ਰੂਰੀ ਨਹੀਂ ਕਿ ਉਸ ਵਿੱਚ ਵਿਗਾੜ ਦੇ ਇਹ ਸਾਰੇ ਲੱਛਣ ਪ੍ਰਗਟ ਹੋਣ। ਮਿਹਰਬਾਨੀ ਕਰ ਕੇ ਇਹ ਗੱਲ ਧਿਆਨ ਵਿੱਚ ਰੱਖੋ ਕਿ ਇਹ ਲੱਛਣ ਕਿਸੇ ਹੋਰ ਅਲਾਮਤ ਦੇ ਸੰਕੇਤ ਵੀ ਹੋ ਸਕਦੇ ਹਨ।

ਏ.ਐਸ.ਡੀ. ਦੇ ਸੰਭਾਵੀ ਸੰਕੇਤ (ਫਸਟ ਸਾਈਨਜ਼* ਤੋਂ ਅਪਣਾਏ ਗਏ):

- ਦੂਜਿਆਂ ਨਾਲ ਮਿਲ ਕੇ ਖ਼ੁਸ਼ੀ ਸਾਂਝੀ ਕਰਨ ਵਿੱਚ ਦਿਲਚਸਪੀ ਨਾ ਹੋਣਾ
- ਬੋਲਦਾ ਨਹੀਂ, ਜਾਂ ਬਹੁਤ ਥੋੜੇ ਸ਼ਬਦਾਂ ਦੀ ਵਰਤੋਂ ਕਰਦਾ ਹੈ
- ਇੰਝ ਲਗਦਾ ਹੈ ਕਿ ਉਹ ਬਹੁਤ ਘੱਟ ਸਮਝਦਾ ਹੈ
- ਬੋਲਾ ਲਗ ਸਕਦਾ ਹੈ, ਜਾਂ ਜਦੋਂ ਉਸਦਾ ਨਾਮ ਲੈ ਕੇ ਬੁਲਾਇਅ ਜਾਵੇ ਤਾਂ ਹੋ ਸਕਦਾ ਹੈ ਉਹ ਜੁਆਬ ਨਾ ਦੇਵੇ
- ਰੌਸ਼ਨੀ ਅਤੇ ਆਵਾਜ਼ ਪ੍ਰਤੀ ਅਸਾਧਾਰਨ ਸੰਵੇਦਨਸ਼ੀਲਤਾ; ਮਿਸਾਲ ਵਜੋਂ ਜਗਦੀਆਂ-ਬੁੱਝਦੀਆਂ ਲਾਈਟਾਂ ਜਾਂ ਵੈਕਿਉਮ ਕਲੀਨਰ ਦਾ ਸ਼ੋਰ ਉਸ ਵਿੱਚ ਨਾ-ਕਾਬੂ ਕੀਤੇ ਜਾਣ ਵਾਲਾ ਚੀਖਣਾ ਕੁਰਲਾਉਣਾ ਸ਼ੁਰੂ ਕਰ ਦੇਵੇ
- ਹੋ ਸਕਦਾ ਹੈ ਆਪਣੇ ਪੱਬਾਂ ਭਾਰ ਤੁਰੇ
- ਜਦੋਂ ਉਤ੍ਸ਼ਾਹਿਤ ਹੋਵੇ ਤਾਂ ਹੋ ਸਕਦਾ ਹੈ ਹੱਥਾਂ ਨੂੰ ਹਵਾ ਵਿੱਚ ਇਧਰ-ਉਧਰ ਲਹਿਰਾਵੇ
- ਹੋ ਸਕਦਾ ਹੈ ਦੂਸਰੇ ਬੱਚਿਆਂ ਵਾਂਗ ਅੱਖਾਂ ਵਿੱਚ ਅੱਖਾਂ ਨਾ ਪਾਵੇ
- ਗੋਦੀ ਵਿੱਚ ਲਏ ਜਾਣ ਜਾਂ ਜੱਫੀ ਪਾਏ ਜਾਣ ਤੋਂ ਰੋਕ ਸਕਦਾ ਹੈ
- ਬਿਨਾ ਪਹਿਲਾਂ ਦੱਸਿਆਂ ਜੇ ਉਹਨੂੰ ਕੁੱਝ ਨਵਾਂ ਕਰਨਾ ਪਵੇ ਜਾਂ ਸਰਗਰਮੀ ਵਿੱਚ ਤਬਦੀਲੀ ਕਰਨ ਲਈ ਕਿਹਾ ਜਾਵੇ ਤਾਂ ਗੁੱਸਾ ਕਰ ਸਕਦਾ ਹੈ
- ਦਿਲਚਸਪੀ ਵਾਲੀਆਂ ਚੀਜ਼ਾਂ ਵਾਲ ਉਂਗਲ ਕਰ ਕੇ ਨਹੀਂ ਦਸਦਾ
- ਝੂਠੀ ਮੂਠੀ ਦੀ ਖੇਡ ਵਿੱਚ ਹਿੱਸਾ ਨਹੀਂ ਲੈਂਦਾ
- ਖਿਡਾਉਣਿਆਂ ਨੂੰ ਕਤਾਰ ਵਿੱਚ ਰੱਖ ਸਕਦਾ ਹੈ ਅਤੇ ਅਜੀਬੋ-ਗਰੀਬ ਵਸਤੂਆਂ ਬਾਰੇ ਖਬਤੀ ਹੋ ਸਕਦਾ ਹੈ
- ਆਪਣੀਆਂ ਵਸਤੂਆਂ ਦੂਜਿਆਂ ਨੂੰ ਨਹੀਂ ਦਿਖਾਉਂਦਾ
- ਉਸ ਪਾਸੇ ਵੱਲ ਨਹੀਂ ਦੇਖਦਾ ਜਿਧਰ ਤੁਸੀਂ ਇਸ਼ਾਰਾ ਕਰੋ
- ਹਰ ਸਮੇਂ ਇਕੋ ਤਰੀਕੇ ਨਾਲ ਕੰਮ ਕੀਤਾ ਜਾਣਾ ਪਸੰਦ ਕਰਦਾ ਹੈ
- ਮਿਲਵਰਤੋਂ ਵਾਲੀਆਂ ਖੇਡਾਂ ਨਹੀਂ ਖੇਡਦਾ ਜਾਂ ਭਾਸ਼ਾ ਦੇ ਹੁਨਰ ਪ੍ਰਗਟ ਨਹੀਂ ਕਰਦਾ

*ਜੇ ਤੁਸੀਂ ਸਮਝਦੇ ਹੋ ਕਿ ਤੁਹਾਡੇ ਬੱਚੇ ਦਾ ਵਿਕਾਸ ਜਿਵੇਂ ਹੋਣਾ ਚਾਹੀਦਾ ਹੈ ਨਹੀਂ ਹੋ ਰਿਹਾ, ਮਿਹਰਬਾਨੀ ਕਰ ਕੇ ਜਿੰਨੀ ਛੇਤੀ ਹੋ ਸਕੇ ਆਪਣੇ ਡਾਕਟਰ ਨਾਲ ਸੰਪਰਕ ਕਰੋ। ਤੁਹਾਡਾ ਸਥਾਨਕ ਚਾਈਲਡ ਡਿਵੈਲਪਮੈਂਟ ਸੈਂਟਰ ਜਾਂ ਇਨਫੈਂਟ ਡਿਵੈਲਪਮੈਂਟ ਪ੍ਰੋਗਰਾਮ ਵੀ ਤੁਹਾਨੂੰ ਜਾਣਕਾਰੀ, ਸੇਧ ਅਤੇ ਹਿਮਾਇਤ ਦੇ ਸਕਦਾ ਹੈ।*

### ਵੈੱਬਲਿੰਕਸ (WEBLINKS)

ਏ.ਸੀ.ਟੀ. – ਆਟਿਜ਼ਮ ਕਮਿਊਨਿਟੀ ਟ੍ਰੇਨਿੰਗ:
www.actcommunity.net (ਅੰਗਰੇਜੀ)

ਇਨਫੈਂਟ ਡਿਵੈਲਪਮੈਂਟ ਪ੍ਰੋਗਰਾਮ:
www.idpofbc.ca (ਅੰਗਰੇਜੀ)

ਬ੍ਰਿਟਿਸ਼ ਕੋਲੰਬੀਆ ਐਸੋਸੀਏਸ਼ਨ ਫਾਰ ਚਾਈਲਡ ਡਿਵੈਲਪਮੈਂਟ ਐਂਡ ਇੰਟਰਵੈਨਸ਼ਨ:
www.bcacdi.org/member.html (ਅੰਗਰੇਜੀ)

ਮੁੱਢਲੀਆਂ ਨਿਸ਼ਾਨੀਆਂ (*First Signs):
www.firstsigns.org (ਅੰਗਰੇਜੀ)

ਵਿਸ਼ੇਸ਼ ਲੋੜਾਂ ਵਾਲੇ ਛੋਟੇ ਬੱਚਿਆਂ ਅਤੇ ਯੁਵਕਾਂ ਲਈ ਮਨਿਸਟਰੀ ਔਫ਼ ਚਿਲਡਰਨ ਐਂਡ ਫੈਮਲੀ ਡਿਵੈਲਪਮੈਂਟ:
www.mcf.gov.bc.ca/spec_needs/index.htm (ਅੰਗਰੇਜੀ)

* ਫਸਟ ਸਾਈਨਜ਼, ਇਨਕਾਰਪੋਰੇਟਿਡ, ਇੱਕ ਰਾਸ਼ਟਰੀ ਗ਼ੈਰ-ਮੁਨਾਫਾ ਸੰਸਥਾ ਹੈ ਜੋ ਆਟਿਜ਼ਮ ਦੀਆਂ ਮੁੱਢਲੀਆਂ ਨਿਸ਼ਾਨੀਆਂ ਅਤੇ ਬੱਚੇ ਦੇ ਵਿਕਾਸ ਸੰਬੰਧੀ ਹੋਰ ਵਿਗਾੜਾਂ ਬਾਰੇ ਮਾਪਿਆਂ ਅਤੇ ਬੱਚਿਆਂ ਦੇ ਮਾਹਿਰ ਡਾਕਟਰਾਂ ਨੂੰ ਵਿਦਿਆ ਪ੍ਰਦਾਨ ਕਰਨ ਲਈ ਅਰਪਿਤ ਹੈ।

## ਕੀ ਕਰਨਾ ਚਾਹੀਦਾ ਹੈ ਜਦੋਂ ਤੁਹਾਨੂੰ ਲੱਗੇ ਕਿ ਤੁਹਾਡੇ ਬੱਚੇ ਨੂੰ ਆਟਿਜ਼ਮ ਵਿਗਾੜ ਹੈ

ਪੰਨਾ 3 ਉਤੇ ਦਿੱਤੇ ਆਟਿਜ਼ਮ ਵਿਗਾੜ ਦੇ ਸਾਰੇ ਸੰਭਾਵੀ ਸੰਕੇਤਾਂ ਤੇ ਵਿਚਾਰ ਕਰੋ

↓

ਅਪਣੇ ਫਿਕਰਾਂ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਬੱਚੇ ਦੇ ਡਾਕਟਰ ਨਾਲ ਅਪੌਇੰਟਮੈਂਟ ਬਣਾਓ

→ ਡਾਕਟਰ ਮੁਲਾਂਕਣ ਕੀਤੇ ਜਾਣ ਲਈ ਨਹੀਂ ਭੇਜਦਾ

→ ਆਪਣੇ ਬੱਚੇ ਦੇ ਵਿਕਾਸ ਉਪਰ ਲਗਾਤਾਰ ਨਜ਼ਰ ਰੱਖੋ। ਜੇ ਤੁਹਾਡਾ ਫਿਕਰ ਬਣਿਆ ਰਹਿੰਦਾ ਹੈ, ਤਾਂ ਬੱਚੇ ਦੇ ਡਾਕਟਰ ਦੇ ਧਿਆਨ ਵਿੱਚ ਲਿਆਓ।

↓

ਡਾਕਟਰ ਵੱਲੋਂ ਬ੍ਰਿਟਿਸ਼ ਕੋਲੰਬੀਆ ਆਟਿਜ਼ਮ ਅਸੈਸਮੈਂਟ ਡਿਸਆਰਡਰ ਨੈੱਟਵਰਕ (ਬੀ.ਸੀ.ਏ.ਏ.ਐਨ.) ਕੋਲ ਭੇਜਿਆ ਜਾਵੇਗਾ

↓

ਮੁਲਾਂਕਣ

→ ਬੱਚੇ ਦੇ ਰੋਗ, ਆਟਿਜ਼ਮ ਵਿਗਾੜ (ਏ.ਐਸ.ਡੀ.), ਦੀ ਪਛਾਣ ਨਹੀਂ ਕੀਤੀ ਜਾਂਦੀ

→ ਤੁਹਾਡਾ ਸਥਾਨਕ ਚਾਈਲਡ ਡਿਵੈਲਪਮੈਂਟ ਸੈਂਟਰ ਜਾਣਕਾਰੀ ਅਤੇ ਸਹਾਇਤਾ ਲੈਣ ਦਾ ਇੱਕ ਹੋਰ ਸੋਮਾ ਹੈ।

↓

ਬੱਚੇ ਦੇ ਰੋਗ, ਆਟਿਜ਼ਮ ਵਿਗਾੜ (ਏ.ਐਸ.ਡੀ.), ਦੀ ਪਛਾਣ ਕੀਤੀ ਜਾਵੇਗੀ

↓

ਆਟਿਜ਼ਮ ਪ੍ਰੋਗਰਾਮਾਂ ਵਾਸਤੇ ਅਰਜੀ ਦੇਣ ਲਈ ਆਪਣੇ ਸਥਾਨਕ ਐੱਮ.ਸੀ.ਐੱਫ.ਡੀ. ਦਫ਼ਤਰ ਨਾਲ਼ ਸੰਪਰਕ ਕਰੋ

## ਆਟਿਜ਼ਮ ਵਿਗਾੜ ਹੋਣ ਦੇ ਕੀ ਕਾਰਣ ਹਨ?

ਆਟਿਜ਼ਮ ਦੇ ਕਾਰਣਾਂ ਦਾ ਅਜੇ ਵੀ ਕੋਈ ਪਤਾ ਨਹੀਂ। ਸਾਨੂੰ ਇੰਨਾਂ ਪਤਾ ਹੈ ਕਿ ਇਹ ਮਾਪਿਆਂ ਕਰ ਕੇ ਜਾਂ ਜਿਸ ਤਰੀਕੇ ਨਾਲ ਬੱਚੇ ਦੀ ਪਰਵਰਿਸ਼ ਹੋਵੇ, ਉਸ ਕਰ ਕੇ ਨਹੀਂ ਹੁੰਦਾ, ਅਤੇ ਇਸ ਦਾ ਕੋਈ ਇੱਕ ਕਾਰਨ ਹੋਣ ਦੀ ਸੰਭਾਵਨਾ ਨਹੀਂ ਹੈ। ਇਸ ਰੋਗ ਦੇ ਸੰਭਾਵੀ ਕਾਰਨਾਂ, ਜਿਨ੍ਹਾਂ ਵਿੱਚ ਉਤਪਤੀ ਅਤੇ ਵਾਤਾਵਰਣ ਨਾਲ ਸੰਬੰਧਤ ਤੱਤ ਵੀ ਸ਼ਾਮਲ ਹਨ, ਲੱਭਣ ਲਈ ਖੋਜ ਜਾਰੀ ਹੈ।

## ਕੀ ਕੋਈ ਇਲਾਜ ਹੈ?

ਹੁਣ ਇਸ ਵੇਲੇ ਆਟਿਜ਼ਮ ਵਿਗਾੜ (ਏ.ਐਸ.ਡੀ.) ਦਾ ਕੋਈ ਇਲਾਜ ਮੌਜੂਦ ਨਹੀਂ। ਫੇਰ ਵੀ ਇਸ ਵਿਗਾੜ ਦੇ ਲੱਛਣਾਂ ਨਾਲ ਸਿੱਝਣ ਲਈ ਅਤਿ ਅਸਰਦਾਰ ਇਲਾਜ ਅਤੇ ਇਲਾਜ ਦੇ ਤਰੀਕੇ ਵਿਅਕਤੀਆਂ ਅਤੇ ਪਰਿਵਾਰਾਂ ਦੀ ਸਹਾਇਤਾ ਲਈ ਉਪਲਬਧ ਹਨ। ਅਗੇਤੀ ਇਲਾਜ ਉੱਤਮ ਅਮਲਾਂ (best practices) 'ਤੇ ਆਧਾਰਿਤ ਹੈ ਅਤੇ ਜੋ ਆਟਿਜ਼ਮ ਵਿਗਾੜ (ਏ.ਐਸ.ਡੀ.) ਵਾਲੇ ਬੱਚੇ ਵਿੱਚ ਹੁਨਰਾਂ ਦਾ ਵਿਕਾਸ ਕਰਨ, ਗੱਲਬਾਤ ਦਾ ਅਸਰਦਾਰ ਤਰੀਕਾ ਸਿੱਖਣ, ਪਰਿਵਾਰਕ ਜੀਵਨ ਵਿੱਚ ਰਲਮਿਲ ਕੇ ਰਹਿਣ ਅਤੇ ਸਕੂਲ ਵਿੱਚ ਖ਼ੁਸ਼ ਰਹਿਣ ਦੇ ਢੰਗਾਂ ਦੀ ਸਿਖਲਾਈ ਦੇਣ ਲਈ ਵਿਕਸਿਤ ਕੀਤੇ ਗਏ ਹਨ। ਉੱਤਮ ਅਮਲਾਂ ਬਾਰੇ ਵਧੇਰੇ ਜਾਣਕਾਰੀ ਲੈਣ ਲਈ, ਮਿਹਰਬਾਨੀ ਕਰ ਕੇ ਪੰਨਾ 21 ਦੇਖੋ।



### ਵੈੱਬਲਿੰਕ (WEBLINK)

ਮੌਜੂਦਾ ਖੋਜ ਬਾਰੇ ਵਧੇਰੇ ਜਾਣਕਾਰੀ ਲੈਣ ਲਈ ਨੈਸ਼ਨਲ ਇਨਸਟੀਚਿਊਟ ਔਫ਼ ਮੈਂਟਲ ਹੈਲਥ ਦੀ ਵੈੱਬਸਾਈਟ ਵੇਖੋ:

www.nimh.nih.gov/health/publications/autism/index.shtml (ਅੰਗਰੇਜ਼ੀ)

www.nimh.nih.gov/health/topics/autism-spectrum-disorders-pervasive-developmental-disorders/index.shtml (ਅੰਗਰੇਜ਼ੀ)

# ਮੁਲਾਂਕਣ ਅਤੇ ਰੋਗ-ਪਛਾਣ

## *ਬ੍ਰਿਟਿਸ਼ ਕੋਲੰਬੀਆ ਆਟਿਜ਼ਮ ਅਸੈੱਸਮੈਂਟ ਨੈੱਟਵਰਕ (ਬੀ.ਸੀ.ਏ.ਏ.ਐਨ.)*

ਜੇ ਤੁਹਾਨੂੰ ਆਪਣੇ ਬੱਚੇ ਦੇ ਵਿਕਾਸ ਬਾਰੇ ਕੋਈ ਫਿਕਰ ਹਨ, ਮਿਹਰਬਾਨੀ ਕਰ ਕੇ ਆਪਣੇ ਪਰਿਵਾਰਕ ਡਾਕਟਰ ਨਾਲ ਗੱਲ ਕਰੋ। ਹੋ ਸਕਦਾ ਹੈ ਉਹ ਤੁਹਾਨੂੰ ਮੁਲਾਂਕਣ ਅਤੇ ਰੋਗ-ਪਛਾਣ ਲਈ ਬੀ.ਸੀ.ਏ.ਏ.ਐਨ. ਕੋਲ ਭੇਜ ਸਕੇ।

ਬੀ.ਸੀ.ਏ.ਏ.ਐਨ. ਛੇ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਬਹੁ-ਵਿਸ਼ਾਈ ਰੋਗ-ਪਛਾਣ ਮੁਲਾਂਕਣ ਅਤੇ ਛੇ ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬੱਚਿਆਂ ਲਈ ਕਲਿਨਿਕਲ ਰੋਗ-ਪਛਾਣ ਮੁਲਾਂਕਣ ਪ੍ਰਦਾਨ ਕਰਦਾ ਹੈ। ਬੱਚਿਆਂ ਵਿੱਚ ਕਿਸੇ ਵੀ ਉਮਰ ਵਿੱਚ ਰੋਗ-ਪਛਾਣ ਕੀਤਾ ਜਾ ਸਕਦਾ ਹੈ, ਕਈਆਂ ਵਿੱਚ ਦੋ ਸਾਲ ਜਿੰਨੀ ਛੋਟੀ ਉਮਰ ਵਿੱਚ ਵੀ। ਬੀ.ਸੀ.ਏ.ਏ.ਐਨ. ਤੁਹਾਡੇ ਘਰ ਦੇ ਨੇੜੇ ਤੋਂ ਨੇੜੇ ਦੇ ਸੈਂਟਰ ਵਿੱਚ ਮੁਲਾਂਕਣ ਦਾ ਪ੍ਰਬੰਧ ਕਰ ਸਕਦਾ ਹੈ। ਬੀ.ਸੀ.ਏ.ਏ.ਐਨ. ਵੱਲੋਂ ਪ੍ਰਦਾਨ ਕੀਤੀਆਂ ਸੇਵਾਵਾਂ ਦੀ ਕੋਈ ਫੀਸ ਨਹੀਂ ਹੈ।

ਰੋਗ-ਪਛਾਣ ਅਤੇ ਮੁਲਾਂਕਣ ਮੁਕੰਮਲ ਹੋ ਜਾਣ ਤੇ ਤੁਹਾਨੂੰ ਬੀ.ਸੀ.ਏ.ਏ.ਐਨ. ਦਾ ਇੱਕ ਕਲਿਨਿਕਲ ਨਤੀਜਾ ਫਾਰਮ ਪ੍ਰਾਪਤ ਹੋਵੇਗਾ। ਇਸ ਫਾਰਮ ਵਿੱਚ ਟੈਸਟਾਂ ਦੇ ਨਤੀਜਿਆਂ ਦਾ ਸਾਰ ਹੋਵੇਗਾ ਜਿਸ ਤੋਂ ਪਤਾ ਲਗੇਗਾ ਕਿ ਤੁਹਾਡੇ ਬੱਚੇ ਨੂੰ ਆਟਿਜ਼ਮ ਵਿਗਾੜ ਹੈ ਜਾਂ ਨਹੀਂ।

## *ਬੀ.ਸੀ.ਏ.ਏ.ਐਨ. ਤੋਂ ਬਾਹਰੀ (ਪ੍ਰਾਈਵੇਟ) ਮੁਲਾਂਕਣ ਅਤੇ ਰੋਗ-ਪਛਾਣ*

ਪਰਿਵਾਰ ਬੀ.ਸੀ.ਏ.ਏ.ਐਨ. ਤੋਂ ਬਾਹਰੀ (ਪ੍ਰਾਈਵੇਟ) ਰੋਗ-ਪਛਾਣ ਦਾ ਮੁਲਾਂਕਣ ਵੀ ਕਰਵਾ ਸਕਦੇ ਹਨ। ਇਸ ਮੁਲਾਂਕਣ ਨੂੰ ਉਹੀ ਮਿਆਰ ਪੂਰੇ ਕਰਨੇ ਪੈਣਗੇ ਜੋ ਬੀ.ਸੀ.ਏ.ਏ.ਐਨ. ਦੇ ਮੁਲਾਂਕਣ ਵਾਲੇ ਹਨ (ਸਾਹਮਣੇ ਸਫ਼ੇ ਤੇ ***ਵੈਬਲਿੰਕ*** ਦੇਖੋ)।

ਛੇ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਬਹੁ-ਵਿਸ਼ਾਈ ਰੋਗ-ਪਛਾਣ ਮੁਲਾਂਕਣ ਦੀ ਲੋੜ ਹੈ। ਛੇ ਸਾਲ ਅਤੇ ਇਸ ਤੋਂ ਵੱਧ ਉਮਰ ਦੇ ਬੱਚਿਆਂ ਲਈ ਕਲਿਨਿਕਲ ਰੋਗ-ਪਛਾਣ ਮੁਲਾਂਕਣ ਦੀ ਲੋੜ ਹੁੰਦੀ ਹੈ (ਜਿਹੜੀ ਬੱਚਿਆਂ ਦੇ ਮਾਹਰ ਡਾਕਟਰ, ਬੱਚਿਆਂ ਦੇ ਮਨੋ-ਚਿਕਿਤਸਕ (ਸਾਇਕਾਇਟ੍ਰਿਸਟ), ਜਾਂ ਰਜਿਸਟਰਡ ਮਨੋਵਿਗਿਆਨੀ (ਸਾਈਕਾਲੋਜਿਸਟ) ਵੱਲੋਂ ਮੁਕੰਮਲ ਕੀਤਾ ਗਿਆ ਹੋਵੇ)।

ਜੇ ਪਰਿਵਾਰ ਆਟਿਜ਼ਮ ਪ੍ਰੋਗਰਾਮ ਲਈ ਅਰਜ਼ੀ ਦੇਣ ਦਾ ਇੱਛੁਕ ਹੋਵੇ ਤਾਂ ਕਲਿਨਿਸ਼ਨ (ਡਾਕਟਰ) ਵੱਲੋਂ ਰੋਗ-ਪਛਾਣ ਵਿੱਚ ਆਟਿਜ਼ਮ ਵਿਗਾੜ ਦੀ ਮੌਜੂਦਗੀ ਦਰਸਾਉਣ ਲਈ ਬੀ.ਸੀ.ਏ.ਏ.ਐਨ. ਤੋਂ ਬਾਹਰੀ (ਪ੍ਰਾਈਵੇਟ) ਆਟਿਜ਼ਮ ਸਪੈਕਟ੍ਰੱਮ ਡਿਸਆਰਡਰ ਫਾਰਮ ਜ਼ਰੂਰ ਭਰਨਾ ਲਾਜ਼ਮੀ ਹੈ। ਪ੍ਰਾਈਵੇਟ ਮੁਲਾਂਕਣ ਕਰਵਾਉਣ 'ਤੇ ਆਉਣ ਵਾਲੇ ਹਰ ਖਰਚ ਦੀ ਸਾਰੀ ਜ਼ਿੰਮੇਵਾਰੀ ਮਾਪਿਆਂ ਦੀ ਹੋਵੇਗੀ।

## *ਛੇ ਸਾਲ ਤੋਂ ਵੱਡੇ ਬੱਚੇ ਜਿਨ੍ਹਾਂ ਨੂੰ ਏ.ਐਸ.ਡੀ. ਹੋਣ ਬਾਰੇ 1 ਅਪ੍ਰੈਲ 2004 ਤੋਂ ਪਹਿਲਾਂ ਪਤਾ ਲੱਗ ਚੁੱਕਾ ਹੈ*

ਜੇ ਤੁਹਾਡੇ ਬੱਚੇ ਵਿੱਚ ਏ.ਐਸ.ਡੀ. ਦੀ ਰੋਗ-ਪਛਾਣ ਅਪ੍ਰੈਲ 1, 2004, ਤੋਂ ਪਹਿਲਾਂ ਹੋਈ ਸੀ ਅਤੇ ਤੁਸੀਂ ਆਟਿਜ਼ਮ ਪ੍ਰੋਗਰਾਮਾਂ ਵਾਸਤੇ ਅਰਜ਼ੀ ਦੇਣਾ ਚਾਹੁੰਦੇ ਹੋ, ਤਾਂ ਬੀ.ਸੀ. ਦੇ ਕਿਸੇ ਮਾਹਿਰ ਡਾਕਟਰ (ਬੱਚਿਆਂ ਦੇ ਮਾਹਰ, ਬੱਚਿਆਂ ਦੇ ਮਨੋ-ਚਿਕਿਤਸਕ, ਜਾਂ ਰਜਿਸਟਰਡ ਮਨੋਵਿਗਿਆਨੀ) ਵੱਲੋਂ ਪਹਿਲਾਂ ਹੋਈ ਰੋਗ-ਪਛਾਣ ਦੀ ਪੁਸ਼ਟੀ ਕਰਨ ਵਾਲ਼ਾ ਇੱਕ ਫਾਰਮ ਭਰਿਆ ਜਾਣਸ ਲਾਜ਼ਮੀ ਹੈ।

## *ਕਿਸੇ ਹੋਰ ਸੂਬੇ ਵਿਚੋਂ ਬੀ.ਸੀ. ਵਿੱਚ ਆਉਣਾ*

ਜੇ ਤੁਹਾਡੇ ਬੱਚੇ ਦਾ ਏ.ਐਸ.ਡੀ. ਦਾ ਰੋਗ-ਪਛਾਣ ਮੁਲਾਂਕਣ ਕੈਨੇਡਾ ਦੇ ਕਿਸੇ ਹੋਰ ਸੂਬੇ ਵਿੱਚ ਹੋਇਆ ਸੀ ਅਤੇ ਤੁਸੀਂ ਮਨਿਸਟਰੀ ਔਫ਼ ਚਿਲਡਰਨ ਐਂਡ ਫੈਮਲੀ ਡਿਵੈਲਪਮੈਂਟ (ਐਮ.ਸੀ.ਐਫ਼.ਡੀ.) ਦੇ ਆਟਿਜ਼ਮ ਪ੍ਰੋਗਰਾਮ ਲਈ ਅਰਜ਼ੀ ਦੇ ਰਹੇ ਹੋ, ਤਾਂ ਬੀ.ਸੀ. ਦੇ ਕਿਸੇ ਮਾਹਿਰ ਡਾਕਟਰ (ਬੱਚਿਆਂ ਦੇ ਮਾਹਰ, ਬੱਚਿਆਂ ਦੇ ਮਨੋ-ਚਿਕਿਤਸਕ, ਜਾਂ ਰਜਿਸਟਰਡ ਮਨੋਵਿਗਿਆਨੀ) ਵੱਲੋਂ ਪਹਿਲਾਂ ਹੋਈ ਰੋਗ-ਪਛਾਣ ਦੀ ਪੁਸ਼ਟੀ ਕਰਨ ਵਾਲ਼ਾ ਇੱਕ ਫਾਰਮ ਭਰਿਆ ਜਾਣਾ ਲਾਜ਼ਮੀ ਹੈ।

## *ਕਿਸੇ ਹੋਰ ਦੇਸ਼ ਵਿਚੋਂ ਬੀ.ਸੀ. ਸੂਬੇ ਵਿੱਚ ਆਉਣਾ*

ਕਿਸੇ ਦੂਸਰੇ ਦੇਸ਼ ਤੋਂ ਹੁਣੇ ਹੀ ਆ ਕੇ ਬ੍ਰਿਟਿਸ਼ ਕੋਲੰਬੀਆ ਵਿੱਚ ਰਹਿਣ ਲਗੇ ਪਰਿਵਾਰਾਂ ਲਈ ਜ਼ਰੂਰੀ ਹੈ ਕਿ ਆਟਿਜ਼ਮ ਦੇ ਪ੍ਰੋਗਰਾਮਾਂ ਲਈ ਅਰਜ਼ੀ ਦੇਣ ਤੋਂ ਪਹਿਲਾਂ ਏ.ਐਸ.ਡੀ. ਦੀ ਰੋਗ-ਪਛਾਣ ਨਵੇਂ ਸਿਰਿਉਂ ਬੀ.ਸੀ. ਵਿੱਚ ਕਰਾਉਣ।

***ਬੀ.ਸੀ.ਏ.ਏ.ਐਨ. ਤੋਂ ਬਾਹਰੀ (ਪ੍ਰਾਈਵੇਟ) ਰੋਗ-ਪਛਾਣ ਵਾਲ਼ਾ ਫਾਰਮ [Non-BCAAN (Private) Diagnosis Form] ਤੁਸੀਂ ਪੰਨੇ ਦੇ ਦੂਜੇ ਪਾਸੇ ਦਿੱਤੇ ਵੈੱਬਲਿੰਕਾਂ ਤੋਂ ਜਾਂ ਐਮ.ਸੀ.ਐਫ਼.ਡੀ. ਨੂੰ 1 877 777-3530 ਤੇ ਫ਼ੋਨ ਕਰ ਕੇ ਲੈ ਸਕਦੇ ਹੋ।***



## ਵੈੱਬਲਿੰਕਸ (*WEBLINKS*)

ਬੀ.ਸੀ.ਏ.ਏ.ਐਨ. (BCAAN): www.phsa.ca/AgenciesAndServices/Services/Autism (ਅੰਗਰੇਜੀ)

ਆਟਿਜ਼ਮ ਵਿਗਾੜ ਦੇ ਮੁਲਾਂਕਣ ਅਤੇ ਰੋਗ-ਪਛਾਣ ਲਈ ਮਿਆਰ ਅਤੇ ਸੇਧਾਂ: www.health.gov.bc.ca/library/publications/year/2003/asd_standards_0318.pdf (ਅੰਗਰੇਜੀ)

ਰੋਗ-ਪਛਾਣ ਦੀ ਪੁਸ਼ਟੀ ਦਾ ਫਾਰਮ: (Confirmation of Diagnosis form): www.mcf.gov.bc.ca/autism/forms.htm (ਅੰਗਰੇਜੀ)

ਬੀ.ਸੀ.ਏ.ਏ.ਐਨ. ਤੋਂ ਬਾਹਰੀ (ਪ੍ਰਾਈਵੇਟ) ਰੋਗ-ਪਛਾਣ ਦਾ ਫਾਰਮ: [Non-BCAAN (Private) Diagnosis form]: www.mcf.gov.bc.ca/autism/forms.htm (ਅੰਗਰੇਜੀ)

## *ਮੇਰੇ ਬੱਚੇ ਵਿੱਚ ਆਟਿਜ਼ਮ ਵਿਗਾੜ ਦੀ ਮੌਜੂਦਗੀ ਪਾਈ ਗਈ ਹੈ। ਮੈਨੂੰ ਕੀ ਕਰਨਾ ਚਾਹੀਦਾ ਹੈ?*

ਜਦੋਂ ਪਤਾ ਲੱਗੇ ਕਿ ਬੱਚੇ ਨੂੰ ਏ.ਐਸ.ਡੀ. ਰੋਗ ਹੋਣ ਦਾ ਪਤਾ ਲੱਗਾ ਹੈ, ਉਦੋਂ ਮਾਪਿਆਂ ਅਤੇ ਵਡੇਰੇ ਪਰਿਵਾਰ ਉਤੇ ਬਹੁਤ ਡੂੰਘਾ ਅਸਰ ਪੈਂਦਾ ਹੈ। ਇਹ ਸਾਰਿਆਂ ਵਾਸਤੇ ਹੀ ਬਹੁਤ ਮੁਸ਼ਕਲ ਅਤੇ ਤਣਾਉ-ਭਰਪੂਰ ਸਮਾਂ ਹੋ ਸਕਦਾ ਹੈ।

ਹਰ ਪਰਿਵਾਰ ਦੇ ਆਪਣੇ ਸਵਾਲ ਹੁੰਦੇ ਹਨ ਅਤੇ ਆਪਣੇ ਹੀ ਫਿਕਰ, ਪਰ ਬਹੁਤੇ ਪਰਿਵਾਰਾਂ ਲਈ ਇਹ ਅਹਿਮ ਹੈ ਕਿ ਉਹ ਜਿੰਨਾਂ ਸੰਭਵ ਹੋ ਸਕੇ ਏ.ਐਸ.ਡੀ. ਬਾਰੇ ਵੱਧ ਤੋਂ ਵੱਧ ਜਾਣਨ, ਅਤੇ ਹੋਰ ਮਾਪਿਆਂ ਅਤੇ ਮਾਹਰਾਂ ਨਾਲ ਸੰਪਰਕ ਕਰਨ ਜਿਹੜੇ ਉਨ੍ਹਾਂ ਨੂੰ ਜਾਣਕਾਰੀ ਅਤੇ ਸਹਾਇਤਾ ਪ੍ਰਦਾਨ ਕਰ ਸਕਦੇ ਹੋਣ।

ਸਥਾਨਕ ਗਰੁੱਪਾਂ ਬਾਰੇ ਜਾਣਕਾਰੀ 25 ਸਫ਼ੇ ਉਤੇ ਸੂਚੀਗਤ ਸੰਸਥਾਵਾਂ ਤੋਂ ਮਿਲ ਸਕਦੀ ਹੈ। ਵੱਖ ਵੱਖ ਵਿਸ਼ਿਆਂ ਉਤੇ ਵਰਕਸ਼ਾਪਾਂ ਵੀ ਸੂਬੇ ਭਰ ਵਿੱਚ ਉਪਲਬਧ ਹਨ (ਵਧੇਰੇ ਜਾਣਕਾਰੀ ਲਈ ਏ.ਸੀ.ਟੀ. - ਆਟਿਜ਼ਮ ਕਮਿਊਨਿਟੀ ਟ੍ਰੇਨਿੰਗ ਬਾਰੇ **ਵੈਬਲਿੰਕ** ਦੇਖੋ)।

ਮਾਪਿਆਂ ਲਈ ਇਹ ਜਾਣਨਾ ਅਹਿਮ ਹੈ ਕਿ ਏ.ਐਸ.ਡੀ. ਵਾਲੇ ਬੱਚਿਆਂ ਅਤੇ ਯੁਵਕਾਂ ਨੂੰ ਇਲਾਜ ਵਾਲੇ ਪ੍ਰੋਗਰਾਮ ਤੋਂ ਫਾਇਦਾ ਹੋ ਸਕਦਾ ਹੈ। ਖੋਜ-ਅਧਿਐਨਾਂ ਨੇ ਸਬੂਤਾਂ 'ਤੇ ਆਧਾਰਿਤ ਉਨ੍ਹਾਂ ਇਲਾਜਾਂ ਅਤੇ ਤਰੀਕਿਆਂ ਦੀ ਸ਼ਨਾਖ਼ਤ ਕੀਤੀ ਹੈ ਜਿਹੜੇ ਏ.ਐਸ.ਡੀ. ਲਈ ਅਸਰਦਾਰ ਸਾਬਤ ਹੋ ਚੁੱਕੇ ਹਨ - ਇਹ ਉੱਤਮ ਅਮਲਾਂ ਕਰ ਕੇ ਜਾਣੇ ਜਾਂਦੇ ਹਨ। ਉੱਤਮ ਅਮਲਾਂ ਬਾਰੇ ਵਧੇਰੇ ਜਾਣਕਾਰੀ ਲੈਣ ਲਈ ਮਿਹਰਬਾਨੀ ਕਰ ਕੇ ਪੰਨਾ 21 ਦੇਖੋ।

## *ਆਟਿਜ਼ਮ ਪ੍ਰੋਗਰਾਮਾਂ ਵਿੱਚ ਦਾਖ਼ਲ ਹੋਣ ਲਈ ਅਰਜ਼ੀ ਦੇਣਾ*

ਜੇ ਤੁਹਾਡੇ ਬੱਚੇ ਨੂੰ ਏ.ਐਸ.ਡੀ. ਰੋਗ ਹੋਣ ਬਾਰੇ ਪਤਾ ਲੱਗਾ ਹੈ ਅਤੇ ਤੁਸੀਂ ਆਟਿਜ਼ਮ ਫੰਡਿੰਗ ਪ੍ਰੋਗਰਾਮ ਲਈ ਨਾਮ ਦਰਜ ਕਰਾਉਣਾ ਚਾਹੁੰਦੇ ਹੋ ਤਾਂ ਧਨ ਹਾਸਲ ਕਰਨ ਦਾ ਇਕਰਾਰਨਾਮਾ ਮੁਕੰਮਲ ਕਰਨ ਲਈ ਆਪਣੇ ਸਥਾਨਕ ਐੱਮ.ਸੀ.ਐੱਫ.ਡੀ. ਦਫ਼ਤਰ ਨਾਲ ਸੰਪਰਕ ਕਰੋ।

### *ਵੈੱਬਲਿੰਕਸ (WEBLINKS)*

ਏ.ਸੀ.ਟੀ. - ਆਟਿਜ਼ਮ ਕਮਿਊਨਿਟੀ ਟ੍ਰੇਨਿੰਗ:
www.actcommunity.net (ਅੰਗਰੇਜ਼ੀ)

ਐੱਮ.ਸੀ.ਐੱਫ.ਡੀ.:
www.mcf.gov.bc.ca/autism/index.htm (ਅੰਗਰੇਜ਼ੀ)



# ਆਟਿਜ਼ਮ ਪ੍ਰੋਗਰਾਮ

ਮਨਿਸਟਰੀ ਔਫ਼ ਚਿਲਡਰਨ ਐਂਡ ਫੈਮਲੀ ਡਿਵੈਲਪਮੈਂਟ ਆਟਿਜ਼ਮ ਦੇ ਦੋ ਪ੍ਰੋਗਰਾਮ ਪ੍ਰਦਾਨ ਕਰਦੀ ਹੈ:

- ਆਟਿਜ਼ਮ ਫੰਡਿੰਗ: 6 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ
- ਆਟਿਜ਼ਮ ਫੰਡਿੰਗ: 6 ਸਾਲ ਤੋਂ 18 ਸਾਲ ਦੀ ਉਮਰ ਦੇ ਬੱਚਿਆਂ ਲਈ

## ਆਟਿਜ਼ਮ ਲਈ ਮਾਇਕ ਸਹਾਇਤਾ: 6 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ

ਆਟਿਜ਼ਮ ਲਈ ਮਾਇਕ ਸਹਾਇਤਾ ਦਾ ਮੁੱਖ ਆਸ਼ਾ: 6 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਪਰਿਵਾਰਾਂ ਵੱਲੋਂ ਇਲਾਜਾਤਮਕ ਸੇਵਾਵਾਂ (ਉੱਤਮ ਅਮਲਾਂ ਉਤੇ ਆਧਾਰਿਤ) ਖਰੀਦਣ ਲਈ ਮਾਲੀ ਸਹਾਇਤਾ ਦੇਣਾ ਹੈ, ਜਿਸ ਰਾਹੀਂ ਉਹ ਆਪਣੇ ਬੱਚੇ ਦੇ ਗੱਲਬਾਤ, ਸਮਾਜਿਕ-ਭਾਵਨਾਤਮਕ, ਸਕੂਲ ਤੋਂ ਪਹਿਲੇ ਅਤੇ ਕਾਰਵਿਹਾਰੀ ਹੁਨਰਾਂ ਦੇ ਵਿਕਾਸ ਵਿੱਚ ਮਦਦ ਕਰਨਾ ਹੈ। ਉਹ ਪਰਿਵਾਰ ਜਿਹਨਾਂ ਦੇ ਪੰਜ ਸਾਲ ਜਾਂ ਘੱਟ ਉਮਰ ਦੇ ਬੱਚਿਆਂ ਦੀ ਏ.ਐਸ.ਡੀ. ਦੀ ਰੋਗ-ਪਛਾਣ ਹੋਈ ਹੋਵੇ, ਆਪਣੇ ਬੱਚੇ ਦੇ ਇਲਾਜ ਦੀਆਂ ਸੇਵਾਵਾਂ ਲੈਣ ਲਈ 20,000 ਡਾਲਰ (1 ਅਪਰੈਲ 2010 ਤੋਂ 22,000 ਡਾਲਰ) ਪ੍ਰਤੀ ਸਾਲ ਮਾਲੀ ਸਹਾਇਤਾ ਲੈਣ ਦੇ ਯੋਗ ਹੋ ਸਕਦੇ ਹਨ।

ਤੁਹਾਡੇ ਬੱਚੇ ਦਾ ਇਲਾਜ ਦਾ ਪ੍ਰੋਗਰਾਮ ਉਸ ਦੀਆਂ ਖਾਸ ਕਾਬਲੀਅਤਾਂ ਅਤੇ ਲੋੜਾਂ ਉਤੇ ਆਧਾਰਿਤ ਬਣਾਈ ਵਿਉਂਤ ਅਨੁਸਾਰ ਹੋਣਾ ਜ਼ਰੂਰੀ ਹੈ। **ਵਿਵਹਾਰਕ ਮੁਦਾਖ਼ਲਤ ਦੀ ਵਿਉਂਤ** (ਬੀ.ਪੀ.ਆਈ.) ਇੱਕ ਵਿਵਹਾਰਕ ਸਲਾਹਕਾਰ ਵੱਲੋਂ ਲਿਖੀ ਹੁੰਦੀ ਹੈ ਜਿਸ ਵਿੱਚ ਪਰਿਵਾਰ ਦੇ ਮੈਂਬਰਾਂ ਅਤੇ ਹੋਰ ਸੇਵਾਵਾਂ ਪ੍ਰਦਾਨ ਕਰਨ ਵਾਲੀਆਂ ਟੀਮਾਂ ਦੇ ਮੈਂਬਰਾਂ, ਜਿਵੇਂ ਬੋਲਣ ਅਤੇ ਬੋਲੀ ਦੀ ਕਾਬਲੀਅਤ ਦੇ ਵਿਗਾੜਾਂ ਦੇ ਮਾਹਿਰ, ਕਿੱਤਾਮੁਖੀ ਇਲਾਜ ਦੇ ਮਾਹਿਰ, ਫਿਜ਼ਿਓਥੈਰਪਿਸਟ, ਅਤੇ/ਜਾਂ ਵਿਵਹਾਰ ਦਾ ਇਲਾਜ ਕਰਨ ਵਾਲ਼ੇ ਮਾਹਿਰ ਸ਼ਾਮਲ ਹੁੰਦੇ ਹਨ। ਬੀ.ਪੀ.ਆਈ. 'ਤੇ ਬਾਕਾਇਦਗੀ ਨਾਲ਼ ਮੁੜਵਿਚਾਰ ਕਰਨਾ ਅਤੇ ਇਸ ਨੂੰ ਸੋਧਦੇ ਰਹਿਣਾ ਚਾਹੀਦਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਤੁਹਾਡੇ ਬੱਚੇ ਦਾ ਅਰਥਪੂਰਨ ਵਿਕਾਸ ਹੋ ਰਿਹਾ ਹੈ। ਬੀ.ਪੀ.ਆਈ. ਬਾਰੇ ਵਧੇਰੇ ਜਾਣਕਾਰੀ ਲਈ ਪੰਨਾ 23 ਦੇਖੋ।

ਆਟਿਜ਼ਮ ਫੰਡਿੰਗ ਐਗਰੀਮੈਂਟ ਉਤੇ ਦਸਤਖ਼ਤ ਕਰਨ ਤੋਂ ਬਾਅਦ ਚਾਰ ਮਹੀਨੇ ਦੇ ਵਿੱਚ ਵਿਚ ਤੁਹਾਨੂੰ ਆਟਿਜ਼ਮ ਫੰਡਿੰਗ ਯੂਨਿਟ ਕੋਲ ਬੀ.ਪੀ.ਆਈ. ਭੇਜਣਾ ਜ਼ਰੂਰੀ ਹੋਵੇਗਾ। ਜਿਸ ਵਿਵਹਾਰਕ ਮਾਹਿਰ ਨੂੰ ਤੁਸੀਂ ਬੱਚੇ ਦੇ ਬੀ.ਪੀ.ਆਈ. ਤਿਆਰ ਕਰਨ ਅਤੇ ਇਸ ਦੀ ਨਿਗਰਾਨੀ ਲਈ ਚੁਣਦੇ ਹੋ, ਉਸ ਨੂੰ ਰਜਿਸਟਰੀ ਔਫ਼ ਆਟਿਜ਼ਮ ਸਰਵਿਸ ਪ੍ਰੋਵਾਈਡਰਜ਼ (ਆਰ.ਏ.ਐਸ.ਪੀ.) ਵਿਚੋਂ ਚੁਣਨਾ ਲਾਜ਼ਮੀ ਹੁੰਦਾ ਹੈ। ਜਿੰਨਾਂ ਚਿਰ ਬੀ.ਪੀ.ਆਈ. ਮੁਕੰਮਲ ਹੋ ਰਿਹਾ ਹੋਵੇ, ਤੁਸੀਂ ਆਰ.ਏ.ਐਸ.ਪੀ. ਵਿੱਚ ਦੱਸੇ ਕਿਸੇ ਹੋਰ ਪ੍ਰੋਸ਼ਾਵਰ ਮਾਹਰ ਨੂੰ ਚੁਣ ਸਕਦੇ ਹੋ। ਬੀ.ਪੀ.ਆਈ. ਦਾ ਸੋਧਿਆ ਪ੍ਰੋਗਰਾਮ ਹਰ ਸਾਲ ਆਟਿਜ਼ਮ ਫੰਡਿੰਗ ਯੂਨਿਟ ਨੂੰ ਭੇਜਣਾ ਜ਼ਰੂਰੀ ਹੁੰਦਾ ਹੈ।

## ਆਟਿਜ਼ਮ ਲਈ ਸੇਵਾ ਪ੍ਰਦਾਨ ਕਰਨ ਵਾਲਿਆਂ ਦੀ ਸੂਚੀ (ਆਰ.ਏ.ਐਸ.ਪੀ.)

ਆਟਿਜ਼ਮ ਲਈ ਮਾਇਕ ਸਹਾਇਤਾ ਲੈਣ ਵਾਲ਼ੇ ਬੱਚਿਆਂ ਦੇ ਮਾਪੇ: 6 ਸਾਲ ਤੋਂ ਘੱਟ ਉਮਰ ਲਈ ਆਰ.ਏ.ਐਸ.ਪੀ. ਵਿਚੋਂ ਪ੍ਰੋਸ਼ਾਵਰ ਮਾਹਿਰ ਚੁਣਨਾ ਪੈਂਦਾ ਹੈ। ਆਰ.ਏ.ਐਸ.ਪੀ. ਦੀ ਨਿਗਰਾਨੀ ਏ.ਸੀ.ਟੀ. - ਆਟਿਜ਼ਮ ਕਮਿਊਨਿਟੀ ਟ੍ਰੇਨਿੰਗ ਵੱਲੋਂ ਮਨਿਸਟਰੀ ਔਫ਼ ਚਿਲਡਰਨ ਐਂਡ ਫੈਮਲੀ ਡਿਵੈਲਪਮੈਂਟ ਦੀ ਬਿਨਾਅ 'ਤੇ ਕੀਤੀ ਜਾਂਦੀ ਹੈ। ਆਰ.ਏ.ਐਸ.ਪੀ. ਵਿੱਚ ਆਪਣਾ ਨਾਮ ਸ਼ਾਮਲ ਕਰਵਾਉਣ ਲਈ ਪ੍ਰੋਸ਼ਾਵਰ ਮਾਹਰਾਂ ਨੂੰ ਇਹ ਪ੍ਰਮਾਣ ਲਾਜ਼ਮੀ ਦੇਣਾ ਪੈਂਦਾ ਹੈ ਕਿ ਉਨ੍ਹਾਂ ਦੀ ਪੜ੍ਹਾਈ ਅਤੇ ਤਜਰਬਾ ਮਨਿਸਟਰੀ ਵੱਲੋਂ ਬਿਆਨੀ ਲੋੜੀਂਦੀ ਕਾਬਲੀਅਤ ਦੀ ਸ਼ਰਤ ਪੂਰੀਆਂ ਕਰਦੇ ਹੋਣ।

### ਵੈੱਬਲਿੰਕ (WEBLINK)

ਆਟਿਜ਼ਮ ਲਈ ਸੇਵਾ ਪ੍ਰਦਾਨ ਕਰਨ ਵਾਲਿਆਂ ਦੀ ਰਜਿਸਟਰੀ (ਆਰ.ਏ.ਐਸ.ਪੀ.) ਅਤੇ, ਸੇਵਾ ਪ੍ਰਦਾਨ ਕਰਨ ਵਾਲੇ ਦੀ ਚੋਣ ਬਾਰੇ ਜਾਣਕਾਰੀ ਲਈ ਦੇਖੋ:

www.actcommunity.net (ਅੰਗਰੇਜ਼ੀ)



## ਆਟਿਜ਼ਮ ਲਈ ਮਾਇਕ ਸਹਾਇਤਾ: 6 ਸਾਲ ਤੋਂ ਘੱਟ ਉਮਰ ਲਈ ਸਿਰਫ਼ ਹੇਠਾਂ ਲਿਖੇ ਕੰਮਾਂ ਲਈ ਵਰਤੀ ਜਾ ਸਕਦੀ ਹੈ:

**ਮਾਪਿਆਂ ਲਈ ਨੁਕਤਾ**

***ਸੇਵਾ ਪ੍ਰਦਾਨ ਕਰਨ ਵਾਲੇ ਦੇ ਪ੍ਰਤੀ ਘੰਟੇ ਦੀ ਤਨਖਾਹ ਸੇਵਾ ਦੇ ਖਰਚ ਮੁਤਾਬਕ ਹੋਵੇ। ਸੇਵਾ ਪ੍ਰਦਾਨ ਕਰਨ ਵਾਲੇ ਵੱਲੋਂ ਕੀਤੇ ਪ੍ਰਬੰਧਕੀ ਖਰਚੇ ਯੋਗ ਨਹੀਂ ਹਨ।***

- ਅਜਿਹੇ ਵਿਵਹਾਰਕ ਮਾਹਿਰਾਂ, ਬੋਲਣ ਅਤੇ ਬੋਲੀ ਦੀ ਕਾਬਲੀਅਤ ਦੇ ਵਿਗਾੜਾਂ ਦੇ ਮਾਹਰਾਂ, ਕਿੱਤਾ-ਮੁਖੀ ਇਲਾਜਾਂ ਦੇ ਮਾਹਰਾਂ, ਅਤੇ ਫਿਜ਼ੀਓਥੈਰਪੀ ਮਾਹਰਾਂ ਦੀਆਂ ਸੇਵਾਵਾਂ ਲਈ, ਜਿਹਨਾਂ ਦਾ ਨਾਮ ਰਜਿਸਟਰੀ ਔਫ਼ ਆਟਿਜ਼ਮ ਸਰਵਿਸ ਪ੍ਰੋਵਾਈਡਰਜ਼ (ਆਰ.ਏ.ਐਸ.ਪੀ.) ਵਿੱਚ ਹੋਵੇ। (ਸਾਹਮਣੇ ਵਾਲੇ ਪੰਨੇ ਤੇ ***ਵੈਬਲਿੰਕ*** ਦੇਖੋ)।
- ਵਿਵਹਾਰਕ ਇਲਾਜ ਕਰਨ ਵਾਲਾ ਮਾਹਰ
- ਪ੍ਰਬੰਧਕੀ ਖਰਚਾ (ਜਿਵੇਂ ਕਿ ਬੁੱਕ ਕੀਪਿੰਗ/ ਪੇ-ਰੋਲ, 100 ਡਾਲਰ ਤੱਕ ਪ੍ਰਤੀ ਮਹੀਨਾ ਤਕ)।
- ਰੋਜ਼ਗਾਰਦਾਤਾ ਦਾ ਢੁਕਵਾਂ ਖਰਚਾ (ਜਿਵੇਂ ਕਰਮਚਾਰੀ ਦਾ ਆਮਦਨੀ ਟੈਕਸ, ਕੈਨੇਡਾ ਪੈਨਸ਼ਨ ਪਲੈਨ, ਇੰਪਲਾਇਮੈਂਟ ਇਨਸ਼ੋਰੈਂਸ ਅਤੇ ਵਰਕਰਜ਼ ਕੰਪਨਸੇਸ਼ਨ ਬੋਰਡ ਦੀਆਂ ਕਿਸ਼ਤਾਂ, ਚਾਰ ਫ਼ੀ ਸਦੀ ਛੁਟੀਆਂ ਬਦਲੇ ਤਨਖਾਹ)।
- ਮਾਇਕ ਸਹਾਇਤਾ ਦਾ 20 ਫ਼ੀਸਦੀ ਤਕ ਹਿੱਸਾ ਬੀ.ਸੀ. ਵਿੱਚ ਇਨਾਂ ਕਾਰਜਾਂ ਲਈ ਵਰਤਿਆ ਜਾ ਸਕਦਾ ਹੈ: ਸਿਖਲਾਈ, ਆਟਿਜ਼ਮ ਦੇ ਇਲਾਜ ਅਤੇ ਸਿਖਲਾਈ ਦੀਆਂ ਸੇਵਾਵਾਂ ਲੈਣ 'ਤੇ ਹੋਣ ਵਾਲ਼ੇ ਸਫਰ ਦੇ ਖਰਚ (ਜੇ ਆਉਣ-ਜਾਣ ਦਾ ਕੁੱਲ ਸਫਰ 80 ਕਿਲੋਮੀਟਰ ਤੋਂ ਵੱਧ ਹੋਵੇ), ਕੋਈ ਅਜਿਹਾ ਸਾਜ਼ੋ-ਸਾਮਾਨ ਜੋ ਅਸਰਦਾਰ ਇਲਾਜ ਵਿੱਚ ਕੰਮ ਆਵੇ, ਜਿਸ ਦਾ ਵੇਰਵਾ ਕਿਸੇ ਪ਼ੇਸ਼ਾਵਰ/ਮਾਹਰ ਵੱਲੋਂ ਮਿਲਣ ਵਾਲ਼ੇ ਸਾਜ਼ੋ-ਸਾਮਾਨ ਦੀ ਲੋੜ ਨੂੰ ਸਹੀ ਠਹਿਰਾਉਣ ਵਾਲ਼ੇ ਫਾਰਮ ("ਜਸਟੀਫੀਕ੍ਰੇਸ਼ਨ ਫਾਰ ਇਕਵਿਪਮੈਂਟ/ ਸਪਲਾਈਜ਼ ਫਾਰਮ") ਵਿੱਚ ਦਿੱਤਾ ਹੋਇਆ ਹੈ (ਮਿਹਰਬਾਨੀ ਕਰ ਕੇ ਅਗਲੇ ਪੰਨੇ ਤੇ ***ਵੈਬਲਿੰਕ*** ਦੇਖੋ ਜਾਂ ਵਧੇਰੇ ਜਾਣਕਾਰੀ ਲਈ ਪੰਨਾ 11 ਉਤੇ ਦਿੱਤੇ ਆਟਿਜ਼ਮ ਫੰਡਿੰਗ: 6 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ - ਅਯੋਗ ਖਰਚੇ ਵਾਲਾ ਫਾਰਮ ਦੇਖੋ)।

## ਬੀ.ਸੀ. ਵਿੱਚ ਸਿਖਲਾਈ (ਆਉਣ-ਜਾਣ ਦਾ ਸਫਰ 80 ਕਿਲੋਮੀਟਰ ਤੋਂ ਵੱਧ):

- ਖਾਸ ਆਟਿਜ਼ਮ ਨਾਲ਼ ਸੰਬੰਧਤ ਸਿਖਲਾਈ 'ਤੇ ਜਾਣ ਲਈ ਮਾਪਿਆਂ ਜਾਂ ਵਿਵਹਾਰਕ ਇਲਾਜ ਦੇ ਥੈਰਪਿਸਟ ਦੇ ਖਰਚਿਆਂ ਦੀ ਵਾਪਸੀ। ਪੋਸਟ-ਸੈਕੰਡਰੀ ਕ੍ਰੈਡਿਟ ਕੋਰਸਾਂ ਦੀ ਫੀਸ ਯੋਗ ਖਰਚ ਨਹੀਂ ਹੈ।
- ਸਫਰ ਦੇ ਖਰਚਿਆਂ ਵਿੱਚ ਸ਼ਾਮਲ ਹੋ ਸਕਦੇ ਹਨ ਹਵਾਈ ਜਹਾਜ਼, ਬੱਸ ਜਾਂ ਰੇਲ ਗੱਡੀ ਦਾ ਆਲ ਕਿਰਾਇਆ, ਜਾਂ ਪ੍ਰਾਈਵੇਟ ਗੱਡੀ ਲਈ 0.40 ਸੈਂਟ ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ ਖਰਚ।
- ਹੋਟਲ ਦਾ ਖਰਚਾ ਵੱਧ ਤੋਂ ਵੱਧ 100 ਡਾਲਰ ਪ੍ਰਤੀ ਰਾਤ ਯੋਗ ਖਰਚ ਹੈ।
- ਪਾਰਕਿੰਗ ਦਾ ਸਾਰੇ ਦਿਨ ਦਾ ਖਰਚਾ 15 ਡਾਲਰ ਪ੍ਰਤੀ ਦਿਨ ਦੇ ਹਿਸਾਬ ਨਾਲ ਦਿੱਤਾ ਜਾ ਸਕਦਾ ਹੈ।
- ਫੈਰੀ ਜਾਂ ਬੇੜੀ ਅਤੇ ਸੜ੍ਹਕ ਵਰਤਣ ਲਈ ਲੱਗਦੇ ਟੌਲ ਦੇ ਖਰਚੇ ਯੋਗ ਖਰਚੇ ਹਨ।
- ਮਾਪਿਆਂ ਲਈ ਸਿਖਿਆਦਾਇਕ ਕਿਤਾਬਾਂ, ਡੀਵੀਡੀ ਅਤੇ ਵਿਡਿਓ (ਸਿਰਫ਼ ਖਾਸ ਵਸਤਾਂ ਬਾਰੇ ਹੀ)।

## ਬੀ.ਸੀ. ਵਿੱਚ ਆਟਿਜ਼ਮ ਦੇ ਇਲਾਜ ਦੀਆਂ ਸੇਵਾਵਾਂ ਲੈਣ ਵਾਸਤੇ ਸਫਰ ਦੇ ਖਰਚੇ (ਆਉਣ-ਜਾਣ ਦਾ ਸਫਰ 80 ਕਿਲੋਮੀਟਰ ਤੋਂ ਵੱਧ)

- ਜੇ ਤੁਸੀਂ ਆਪਣੀ ਕਮਿਊਨਿਟੀ ਵਿੱਚ ਸੇਵਾਵਾਂ ਪ੍ਰਦਾਨ ਕਰਨ ਵਾਲਾ ਨਹੀਂ ਲੱਭ ਸਕਦੇ, ਤਾਂ ਤੁਸੀਂ ਜਿੰਨਾ ਸੰਭਵ ਹੋ ਸਕੇ ਆਪਣੇ ਘਰ ਦੇ ਨੇੜੇ ਘੱਟ ਤੋਂ ਘੱਟ ਲਾਗਤ ਨਾਲ ਪ੍ਰਾਪਤ ਕੀਤੀਆਂ ਸੇਵਾਵਾਂ ਲਈ ਹੋਏ ਖਰਚੇ ਦਾ ਦਾਅਵਾ ਕਰ ਸਕਦੇ ਹੋ।
- ਤੁਹਾਡੇ ਕੋਲ ਮੌਜੂਦ ਬਦਲਾਂ ਵਿਚ ਇਹ ਸ਼ਾਮਲ ਹੈ ਕਿ ਜਾਂ ਤਾਂ ਤੁਸੀਂ ਸੇਵਾ ਪ੍ਰਦਾਨ ਕਰਨ ਵਾਲੇ ਕੋਲ ਜਾਓ ਜਾਂ ਸੇਵਾ ਪ੍ਰਦਾਨ ਕਰਤਾ ਨੂੰ ਆਪਣੀ ਕਮਿਊਨਿਟੀ ਵਿੱਚ ਲਿਆ ਕੇ ਸੇਵਾ ਹਾਸਲ ਕਰ ਲਵੋ।
- ਸਫਰ ਦੇ ਖਰਚਿਆਂ ਵਿੱਚ ਸ਼ਾਮਲ ਹੋ ਸਕਦੇ ਹਨ ਹਵਾਈ ਜਹਾਜ਼, ਬੱਸ ਜਾਂ ਰੇਲ ਗੱਡੀ ਦਾ ਆਲ ਕਿਰਾਇਆ, ਜਾਂ ਪ੍ਰਾਈਵੇਟ ਗੱਡੀ ਲਈ 0.40 ਸੈਂਟ ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ ਖਰਚ।
- ਹੋਟਲ ਦਾ ਖਰਚਾ ਵੱਧ ਤੋਂ ਵੱਧ 100 ਡਾਲਰ ਪ੍ਰਤੀ ਰਾਤ ਯੋਗ ਖਰਚ ਹੈ।
- ਪਾਰਕਿੰਗ ਦਾ ਸਾਰੇ ਦਿਨ ਦਾ ਖਰਚਾ 15 ਡਾਲਰ ਪ੍ਰਤੀ ਦਿਨ ਦੇ ਹਿਸਾਬ ਨਾਲ ਦਿੱਤਾ ਜਾਏਗਾ।
- ਫੈਰੀ ਅਤੇ ਟੌਲ ਦੇ ਖਰਚੇ ਯੋਗ ਖਰਚੇ ਹਨ।

## ਇਲਾਜਾਤਮਕ ਸੇਵਾਵਾਂ ਲਈ ਲੋੜੀਂਦੇ ਸਾਜ਼ੋ-ਸਾਮਾਨ ਅਤੇ ਸਮੱਗਰੀ:

ਬੱਚੇ ਲਈ ਇਲਾਜ ਦੀਆਂ ਸੇਵਾਵਾਂ ਵਾਸਤੇ ਲੋੜੀਂਦੇ ਸਾਜ਼ੋ-ਸਾਮਾਨ ਅਤੇ ਸਮੱਗਰੀ ਦੀ ਬੇਨਤੀ ਜਸਟੀਫੀਕ੍ਰੇਸ਼ਨ ਫਾਰ ਇਕਵਿਪਮੈਂਟ /ਸਪਲਾਈਜ਼ ਵਾਲੇ ਫਾਰਮ ਵਿੱਚ ਕਰਨੀ ਲਾਜ਼ਮੀ ਹੈ ਜਿਹੜਾ ਹੇਠਾਂ ਦਿਤੀ ਸੂਚੀ ਵਿਚਲੇ ਕਿਸੇ ਪ੍ਰੋਫ਼ੈਸ਼ਨਲ/ਮਾਹਰ ਵੱਲੋਂ ਭਰਿਆ ਜਾਣਾ ਚਾਹੀਦਾ ਹੈ:

- ਵਿਵਹਾਰਕ ਸਲਾਹਕਾਰ
- ਫਿਜ਼ਿਓਥੈਰਪਿਸਟ
- ਸਪੀਚ-ਲੈਂਗੁਏਜ ਪੈਥਾਲੋਜਿਸਟ ਜਾਂ ਬੋਲਣ ਅਤੇ ਬੋਲੀ ਦੀ ਕਾਬਲੀਅਤ ਦੇ ਵਿਗਾੜਾਂ ਦਾ ਮਾਹਰ
- ਕਿੱਤਾ-ਮੁਖੀ ਇਲਾਜ ਦਾ ਮਾਹਰ
- ਰਜਿਸਟਰਡ ਮਨੋਵਿਗਿਆਨੀ
- ਰਜਿਸਟਰਡ ਸਹਾਇਕ ਮਨੋਵਿਗਿਆਨੀ
- ਬੱਚਿਆਂ ਦਾ ਮਾਹਰ ਡਾਕਟਰ
- ਮਨੋ-ਚਿਕਿਤਸਕ (ਸਾਇਕਾਇਟ੍ਰਿਸਟ)
- ਦਿਮਾਗੀ ਰੋਗਾਂ ਦਾ ਮਾਹਰ ਜਾਂ ਨਿਊਰਾਲੋਜਿਸਟ

ਸਾਜ਼ੋ-ਸਾਮਾਨ ਖਰੀਦਣ ਜਾਂ ਕਰਜ਼ੇ ਲਈ ਮਾਲੀ ਸਹਾਇਤਾ ਦੇ ਹੋਰ ਸਾਧਨ ਵੀ ਜ਼ਰੂਰ ਖੋਜਣੇ ਪੈਂਦੇ ਹਨ। ਉਹ ਚੀਜ਼ਾਂ ਦੁਬਾਰਾ ਨਹੀਂ ਖਰੀਦਣੀਆਂ ਚਾਹੀਦੀਆਂ ਜਿਹੜੀਆਂ ਐਸ.ਈ.ਟੀ. -ਬੀ.ਸੀ., ਐਟ ਹੋਮ ਪ੍ਰੋਗਰਾਮ ਤੇ ਹੋਰ ਵਸਤਾਂ ਮੁਹੱਈਆ ਕਰਨ ਵਾਲੀਆਂ ਏਜੰਸੀਆਂ ਵੱਲੋਂ ਮਨਜ਼ੂਰ ਹੋ ਚੁੱਕੀਆਂ ਹੋਣ ਜਾਂ ਬੱਚੇ ਦੀਆਂ ਆਮ ਲੋੜਾਂ ਲਈ ਕੀਤੇ ਖਰਚੇ ਹੋਣ। ਮਿਹਰਬਾਨੀ ਕਰ ਕੇ ਐਸ.ਈ.ਟੀ.-ਬੀ.ਸੀ. ਬਾਰੇ ਵਧੇਰੇ ਜਾਣਕਾਰੀ ਵਾਸਤੇ ਹੇਠਾਂ ਦਿੱਤੇ **ਵੈਬਲਿੰਕ** ਦੇਖੋ।

### ਵੈੱਬਲਿੰਕਸ (WEBLINKS)

ਜਸਟੀਫੀਕ੍ਰੇਸ਼ਨ ਫਾਰ ਇਕਵਿਪਮੈਂਟ/ਸਪਲਾਈਜ਼ ਫਾਰਮ: www.mcf.gov.bc.ca/autism/forms.htm (ਅੰਗਰੇਜ਼ੀ)

ਐਸ.ਈ.ਟੀ.-ਬੀ.ਸੀ.: www.setbc.org (ਅੰਗਰੇਜ਼ੀ)

ਏ.ਸੀ.ਟੀ.- ਆਟਿਜ਼ਮ ਕਮਿਊਨਿਟੀ ਟ੍ਰੇਨਿੰਗ : www.actcommunity.net (ਅੰਗਰੇਜ਼ੀ)

## ਆਟਿਜ਼ਮ ਲਈ ਮਾਇਕ ਸਹਾਇਤਾ: 6 ਸਾਲ ਤੋਂ ਛੋਟੇ ਬੱਚਿਆਂ ਲਈ ਅਯੋਗ ਖਰਚੇ

ਕਿਸੇ ਪ੍ਰੋਫ਼ੈਸ਼ਨਲ/ ਮਾਹਰ ਵੱਲੋਂ ਇਲਾਜਾਤਮਕ ਪ੍ਰੋਗਰਾਮ ਲਈ ਸਿਫਾਰਸ਼ ਕੀਤੇ ਕੁੱਝ ਸਾਜ਼ੋ-ਸਾਮਾਨ ਦਾ ਖਰਚਾ ਅਯੋਗ ਹੁੰਦਾ ਹੈ। ਹੇਠਾਂ ਦਿੱਤੀਆਂ ਉਦਾਹਰਣਾਂ ਅਯੋਗ ਚੀਜ਼ਾਂ ਦੀਆਂ ਹਨ:

- ਘਰ ਦੀਆਂ ਮੁਰੰਮਤਾਂ, ਘਰਾਂ ਦੀ ਸੁਧਾਈ, ਸਵਿਮਿੰਗ ਪੂਲ, ਹੌਟ ਟੱਬ, ਟ੍ਰੈਮਪੋਲੀਨਾਂ, ਖੇਡ-ਮੈਦਾਨ ਦਾ ਸਾਜ਼ੋ-ਸਾਮਾਨ
- ਘਰੇਲੂ ਵਰਤੋਂ ਵਾਲੀਆਂ ਚੀਜ਼ਾਂ, ਜਿਨ੍ਹਾਂ ਵਿੱਚ ਉਪਕਰਣ ਵੀ ਸ਼ਾਮਲ ਹਨ
- ਆਮ ਮਨੋਰੰਜਨ ਅਤੇ ਖੇਡਾਂ ਦੀਆਂ ਦਾਖ਼ਲਾ ਫੀਸਾਂ
- ਖੇਡਾਂ/ਕਸਰਤ ਵਾਲੇ ਸਾਜ਼ੋ-ਸਮਾਨ, ਜਿਸ ਵਿੱਚ ਬਾਈਸਾਈਕਲ ਵੀ ਸ਼ਾਮਲ ਹਨ
- ਬਿਜਲੀ ਦਾ ਸਾਜ਼ੋ-ਸਮਾਨ, ਜਿਸ ਵਿੱਚ ਟੈਲੀਵਿਯਨ, ਸੀਡੀ ਪਲੇਅਰ, ਸਟੀਰੀਓ, ਐਮ.ਪੀ.3 ਪਲੇਅਰਜ਼, ਗੇਮ ਸਿਸਟਮ, ਵਿਡਿਓ ਗੇਮਾਂ, ਟ੍ਰੈਕਿੰਗ ਉਪਕਰਣ ਅਤੇ ਸੈਲੂਲਰ ਫ਼ੋਨ/ਪਾਮ ਪਾਲਿਟਜ਼ ਸ਼ਾਮਲ ਹਨ
- ਅਜਿਹੀਆਂ ਸੀਡੀਆਂ, ਡੀਵੀਡੀਆਂ, ਅਤੇ ਵਿਡਿਓ ਡਿਸਕਾਂ ਜਿਨ੍ਹਾਂ ਦਾ ਏ.ਐਸ.ਡੀ. ਨਾਲ ਸੰਬੰਧ ਨਾ ਹੋਵੇ
- ਸੰਗੀਤਕ ਸਾਜ਼ (ਖਰੀਦਣੇ ਜਾਂ ਕਿਰਾਏ ਤੇ ਲੈਣੇ)
- ਵਿਟਾਮਿਨਜ਼, ਮੈਡੀਕਲ ਸਪਲਾਈਜ਼, ਮਲਮੂਤਰ ਰੋਕਣ ਵਾਲੀ ਸਮੱਗਰੀ, ਕਮਜ਼ੋਰ ਜੋੜਾਂ ਦਾ ਸਾਜ਼ੋ-ਸਾਮਾਨ (ਓਰਥਾਟਿਕਸ)
- ਕਪੜੇ, ਹੈਲਮਟਜ਼ (ਟੋਪੀਆਂ)
- ਖਾਣ ਵਾਲੀਆਂ ਵਸਤੂਆਂ (ਪਰ, ਐਪਲਾਈਡ ਬੀਹੇਵੀਅਰ ਅਨੈਲਸਿਜ਼ ਥੈਰਪੀ ਦੌਰਾਨ ਕੁੱਝ ਖਾਣੇ ਥੋੜੀ ਮਾਤਰਾ ਵਿੱਚ ਯੋਗ ਹੋ ਸਕਦੇ ਹਨ)

ਹੇਠਾਂ ਅਯੋਗ ਸੇਵਾਵਾਂ ਦੀਆਂ ਉਦਾਹਰਣਾਂ ਦਰਜ ਹਨ:

- ਬੱਚੇ ਦੀ ਸੰਭਾਲ
- ਰੈਸਪਾਈਟ (ਰਾਹਤ)
- ਸਿੱਖਿਆ (ਗਰੁੱਪ ਵਿੱਚ ਜਾਂ ਵਿਅਕਤੀਗਤ), ਜਿਵੇਂ ਕਿ ਤੈਰਨ ਜਾਂ ਕਰਾਟੀ ਦੇ ਸਬਕ
- ਮੈਡੀਕਲ ਸੇਵਾਵਾਂ

ਸਾਰੇ ਅਯੋਗ ਖਰਚੇ ਇਥੇ ਦੱਸੇ ਨਹੀਂ ਗਏ। ਇਹ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਪਰਿਵਾਰ ਚੀਜ਼ਾਂ ਖਰੀਦਣ ਤੋਂ ਪਹਿਲਾਂ ਪ੍ਰਵਾਨਗੀ ਲਈ ਆਟਿਜ਼ਮ ਫੰਡਿੰਗ ਯੂਨਿਟ ਨੂੰ 1-877-777-3530 ਤੇ ਸੰਪਰਕ ਕਰਨ।

## ਆਪਣੇ 6 ਸਾਲ ਤੋਂ ਛੋਟੇ ਬੱਚੇ ਲਈ ਆਟਿਜ਼ਮ ਦਾ ਇਲਾਜਾਤਮਕ ਪ੍ਰੋਗਰਾਮ ਸਥਾਪਿਤ ਕਰਨਾ

**ਐੱਮ.ਸੀ.ਐੱਫ.ਡੀ**: ਮਨਿਸਟਰੀ ਆਫ਼ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ
www.mcf.gov.bc.ca/autism/index.htm (ਅੰਗਰੇਜ਼ੀ)

**ਏ.ਸੀ.ਟੀ.**: ਆਟਿਜ਼ਮ ਕਮਿਊਨਿਟੀ ਟ੍ਰੇਨਿੰਗ
www.actcommunity.net (ਅੰਗਰੇਜ਼ੀ)

**ਏ.ਐਸ.ਡੀ.**: ਆਟਿਜ਼ਮ ਸਪੈਕਟ੍ਰਮ ਡਿਸਆਰਡਰ
(ਦੇਖੋ ਪੰਨਾ 2)

**ਆਰ.ਏ.ਐਸ.ਪੀ.**: ਰਜਿਸਟਰੀ ਔਫ ਆਟਿਜ਼ਮ ਸਰਵਿਸ ਪ੍ਰੋਵਾਈਡਰਜ਼ (ਦੇਖੋ ਪੰਨਾ 9)

**ਬੀ.ਪੀ.ਆਈ.**: ਬੀਹੇਵੀਅਰਲ ਪਲ਼ੇਨ ਇੰਟਰਵੈਨਸ਼ਨ
(ਦੇਖੋ ਪੰਨਾ 23)

**ਬੀ.ਸੀ.**: ਬੀਹੇਵੀਅਰ ਸਲਾਹਕਾਰ
(ਦੇਖੋ ਪੰਨਾ 20)

**ਐਸ.ਐਲ.ਪੀ**: ਬੋਲਣ ਅਤੇ ਬੋਲੀ (ਸਪੀਚ-ਲੈਂਗੁਏਜ) ਦੀ ਕਾਬਲੀਅਤ ਦੇ ਵਿਗਾੜਾਂ ਦਾ ਮਾਹਿਰ
(ਦੇਖੋ ਪੰਨਾ 20)

**ਓ.ਟੀ.**: ਆਕੂਪ੍ਰੇਸ਼ਨਲ ਥੈਰਪਿਸਟ
(ਦੇਖੋ ਪੰਨਾ 20)

**ਪੀ.ਟੀ.**: ਫਿਜ਼ਿਓਥੈਰਪਿਸਟ
(ਦੇਖੋ ਪੰਨਾ 20)

ਆਟਿਜ਼ਮ ਪ੍ਰੋਗਰਾਮ ਲਈ ਅਪਲਾਈ ਕਰਨ ਵਾਸਤੇ ਐੱਮ.ਸੀ.ਐੱਫ.ਡੀ. ਨਾਲ਼ ਸੰਪਰਕ ਕਰੋ

↓

ਆਟਿਜ਼ਮ ਫੰਡਿੰਗ ਲਵੋ: 6 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ

↓

ਏ.ਐਸ.ਡੀ. ਇਲਾਜਾਤਮਕ ਪ੍ਰੋਗਰਾਮ ਬਾਰੇ, ਅਤੇ ਸੇਵਾ ਪ੍ਰਦਾਨ ਕਰਨ ਵਾਲੇ ਨੂੰ ਕਿਸ ਤਰ੍ਹਾਂ ਚੁਣਨਾ ਹੈ, ਬਾਰੇ ਵਧੇਰੇ ਜਾਣਕਾਰੀ ਲੈਣ ਲਈ ਏ.ਸੀ.ਟੀ. ਨਾਲ਼ ਸੰਪਰਕ ਕਰੋ

↓

ਆਰ.ਏ.ਐਸ.ਪੀ. ਵਿੱਚ ਦਰਜ ਸੰਭਾਵੀ ਸੇਵਾ ਪ੍ਰਦਾਨ ਕਰਨ ਵਾਲਿਆਂ ਦੀ ਇੰਟਰਵਿਊ ਕਰੋ

↓

ਕਿਸੇ ਵਿਵਹਾਰਕ ਸਲਾਹਕਾਰ (ਬੀ.ਸੀ.) ਦੀ ਚੋਣ ਆਰ.ਏ.ਐਸ.ਪੀ. ਦੀ ਸੂਚੀ ਵਿਚੋਂ ਕਰੋ

ਜੇ ਤੁਹਾਡੇ ਬੱਚੇ ਨੂੰ ਲੋੜ ਹੈ ਤਾਂ ਐਸ.ਐਲ.ਪੀ., ਓ.ਟੀ., ਅਤੇ ਪੀ.ਟੀ. ਨੂੰ ਆਰ.ਏ.ਐਸ.ਪੀ. ਦੀ ਸੂਚੀ ਵਿਚੋਂ ਚੁਣੋ

↓

ਵਿਵਹਾਰਕ ਸਲਾਹਕਾਰ (ਬੀ.ਸੀ.) ਮਾਪਿਆਂ, ਬੱਚੇ ਦੇ ਐਸ.ਐਲ.ਪੀ., ਓ.ਟੀ., ਅਤੇ ਪੀ.ਟੀ. ਦੀ ਰਾਏ ਨਾਲ ਬੱਚੇ ਲਈ ਵਿਵਹਾਰਿਕ ਇਲਾਜਾਤਮਕ ਵਿਉਂਤ ਤਿਆਰ ਕਰਦਾ ਹੈ

← ਬੀ.ਪੀ.ਆਈ. ਦੀ ਇੱਕ ਕਾਪੀ ਐੱਮ.ਸੀ.ਐੱਫ.ਡੀ. ਨੂੰ ਦਿਓ

↓

ਬੀ.ਪੀ.ਆਈ. ਲਾਗੂ ਕਰਨ ਲਈ ਵਿਵਹਾਰਕ ਸਲਾਹਕਾਰ ਦੀ ਨਿਗਰਾਨੀ ਹੇਠ ਵਿਵਹਾਰਿਕ ਇਲਾਜ ਦਾ ਰਾਸਤਾ ਚੁਣੋ

↓

ਵਿਵਹਾਰਕ ਸਲਾਹਕਾਰ ਬੱਚੇ ਦੀ ਪ੍ਰਗਤੀ ਦੀ ਰੀਪੋਰਟ ਲਗਾਤਾਰ ਬੀ.ਪੀ.ਆਈ. ਨੂੰ ਦਿੰਦਾ ਹੈ

← ਬੀ.ਪੀ.ਆਈ. ਦੀ ਸਾਲਾਨਾ ਰੀਪੋਰਟ ਐੱਮ.ਸੀ.ਐੱਫ.ਡੀ. ਨੂੰ ਦਿਓ



## ਆਟਿਜ਼ਮ ਲਈ ਮਾਇਕ ਸਹਾਇਤਾ: 6 ਸਾਲ ਤੋਂ 18 ਸਾਲ ਦੀ ਉਮਰ ਦੇ ਬੱਚਿਆਂ ਲਈ

6 ਤੋਂ 18 ਸਾਲ ਦੀ ਉਮਰ ਦੇ ਬੱਚਿਆਂ ਲਈ ਆਟਿਜ਼ਮ ਸੰਬੰਧੀ ਮਾਇਕ ਸਹਾਇਤਾ ਦਾ ਬੁਨਿਆਦੀ ਮੰਤਵ ਪਰਿਵਾਰਾਂ ਦੀ ਸਹਾਇਤਾ ਕਰਨਾ ਹੈ ਤਾਂ ਜੋ ਉਹ ਅਜਿਹੀਆਂ ਇਲਾਜਾਤਮਕ ਸੇਵਾਵਾ ਖਰੀਦ ਸਕਣ ਜਿਹੜੀਆਂ ਉਨ੍ਹਾਂ ਦੇ ਬੱਚੇ ਦੇ ਗੱਲਬਾਤ, ਸਮਾਜਿਕ-ਭਾਵਨਾਤਮਕ, ਪੜ੍ਹਨ-ਲਿਖਣ ਅਤੇ ਕਾਰ-ਵਿਹਾਰ ਦੇ ਹੁਨਰਾਂ ਦਾ ਵਿਕਾਸ ਕਰਨ ਵਿੱਚ ਸਹਾਇਤਾ ਕਰਨ।

ਅਜਿਹੇ ਪਰਿਵਾਰ ਜਿਹਨਾਂ ਦੇ 6 ਸਾਲ ਤੋਂ 18 ਸਾਲ ਦੀ ਉਮਰ ਦੇ ਬੱਚੇ ਨੂੰ ਆਟਿਜ਼ਮ ਦਾ ਰੋਗ ਹੋਣ ਬਾਰੇ ਪਤਾ ਲੱਗਾ ਹੈ, ਉਨ੍ਹਾਂ ਨੂੰ ਇਲਾਜ ਦੀਆਂ ਸੇਵਾਵਾਂ ਲੈਣ ਲਈ 6,000 ਡਾਲਰ ਸਾਲਨਾ ਮਿਲ ਸਕਦਾ ਹੈ ਇਹ ਸੇਵਾਵਾਂ ਜੋ ਬੱਚੇ ਦੇ ਸਕੂਲ ਜਾਂ ਉਸ ਦੇ ਸਿਖਿਆ ਦੇ ਪ੍ਰੋਗਰਾਮ (ਮਿਹਰਬਾਨੀ ਕਰ ਕੇ ਉੱਤਮ ਅਮਲਾਂ ਬਾਰੇ ਪੰਨਾ 21 ਦੇਖੋ) ਵਿੱਚ ਸ਼ਾਮਲ ਨਹੀਂ ਪਰ ਬਾਹਰ ਉਪਲਬਧ ਹਨ। ਇਸ ਸਾਲਾਨਾ ਮਾਇਕ ਸਹਾਇਤਾ ਦਾ 20 ਫ਼ੀਸਦੀ ਤਕ ਆਟਿਜ਼ਮ ਲਈ ਇਲਾਜਾਤਮਕ ਸਿਖਲਾਈ, ਟ੍ਰੈਵਲ ਅਤੇ ਸਾਜ਼ੋ-ਸਾਮਾਨ ਖਰੀਦਣ ਲਈ ਖਰਚ ਕੀਤਾ ਜਾ ਸਕਦਾ ਹੈ।



## 6-18 ਸਾਲ ਦੇ ਬੱਚਿਆਂ ਨੂੰ ਆਟਿਜ਼ਮ ਲਈ ਮਿਲਣ ਵਾਲੀ ਸਹਾਇਤਾ ਕਿਸ ਵਾਸਤੇ ਵਰਤੀ ਜਾ ਸਕਦੀ ਹੈ?

ਮਾਇਕ ਸਹਾਇਤਾ ਆਟਿਜ਼ਮ ਇਲਾਜ ਦੀਆਂ ਵੱਖ ਵੱਖ ਸੇਵਾਵਾਂ ਖਰੀਦਣ ਲਈ ਵਰਤੀ ਜਾਂਦੀ ਹੈ ਜੋ ਤੁਹਾਡੇ ਬੱਚੇ ਦੀਆਂ ਨਿੱਜੀ ਲੋੜਾਂ ਨੂੰ ਮੁੱਖ ਰੱਖ ਕੇ ਤਿਆਰ ਕੀਤੀਆਂ ਗਈਆਂ ਹੋਣ। ਉਦਾਹਰਣ ਵਜੋਂ, ਤੁਸੀਂ ਬੱਚੇ ਦੇ ਰੋਜ਼ਾਨਾ ਦੇ ਕਿਸੇ ਖਾਸ ਰੁਟੀਨ ਜਾਂ ਵਤੀਰੇ ਦੇ ਕਿਸੇ ਖਾਸ ਮੁੱਦੇ, ਜੋ ਬੱਚੇ ਜਾਂ ਪਰਿਵਾਰ ਨੂੰ ਪ੍ਰਭਾਵਿਤ ਕਰ ਰਿਹਾ ਹੋਵੇ, ਬਾਰੇ ਸਲਾਹ ਮਸ਼ਵਰਾ ਲੈਣ ਲਈ ਵਰਤ ਸਕਦੇ ਹੋ। ਕੁੱਝ ਰੋਜ਼ਾਨਾ ਰੁਟੀਨ ਦੇ ਮੁੱਦੇ ਇਹ ਹੋ ਸਕਦੇ ਹਨ: ਮਲ-ਮੂਤਰ ਕਰਨ ਦੀ ਸਿੱਖਿਆ, ਸੌਣ ਵੇਲ਼ਾ, ਆਜ਼ਾਦ ਤਰੀਕੇ ਨਾਲ ਖੇਡਣਾ, ਭੋਜਨ ਦਾ ਵਕਤ, ਸਵੇਰ ਦੇ ਰੁਟੀਨ ਅਤੇ ਆਵਾਜਾਈ ਦੇ ਮੁੱਦੇ।

## 6-18 ਸਾਲ ਦੇ ਬੱਚਿਆਂ ਨੂੰ ਆਟਿਜ਼ਮ ਲਈ ਮਿਲਣ ਵਾਲੀ ਸਹਾਇਤਾ ਸਿਰਫ਼ ਹੇਠ ਦੱਸੇ ਕਾਰਜਾਂ ਲਈ ਵਰਤੀ ਜਾ ਸਕਦੀ ਹੈ:

- ਵਿਵਹਾਰਕ ਸਲਾਹਕਾਰ
- ਬੋਲਣ ਅਤੇ ਬੋਲੀ ਦੀ ਕਾਬਲੀਅਤ ਦੇ ਵਿਗਾੜਾਂ ਦਾ ਮਾਹਰ, ਆਕੂਪ੍ਰੇਸ਼ਨਲ ਥੈਰਪਿਸਟ, ਫਿਜ਼ਿਓਥੈਰਪਿਸਟ
- ਵਿਵਹਾਰਿਕ ਇਲਾਜ ਨਾਲ ਸੰਬੰਧਤ ਥੈਰਪਿਸਟ
- ਜੀਵਨ ਜਾਚ ਅਤੇ ਸਮਾਜਿਕ ਹੁਨਰਾਂ ਦੇ ਪ੍ਰੋਗਰਾਮ
- ਸਕੂਲ ਤੋਂ ਬਾਅਦ ਸਿਖਲਾਈ ਸਹਾਇਤਾ (ਸਕੂਲ ਦੇ ਰੈਗੂਲਰ ਪ੍ਰੋਗਰਾਮ ਦਾ ਹਿੱਸਾ ਨਹੀਂ)
- ਤੁਹਾਡੇ ਬੱਚੇ ਦੀਆਂ ਏ.ਐਸ.ਡੀ. ਦੀਆਂ ਲੋੜਾਂ ਨੂੰ ਸੰਬੋਧਨ ਵਿਸ਼ੇਸ਼ ਚਿਕਿਤਸਾ ਸਰਗਰਮੀਆਂ ਅਤੇ ਕੈਂਪ
- ਰਜਿਸਟਰਸ਼ੁਦਾ ਖੁਰਾਕ/ਪੌਸ਼ਟਿਕ ਭੋਜਨ ਮਾਹਰ ਵੱਲੋਂ ਖੁਰਾਕ ਜਾਂ ਪੌਸ਼ਟਿਕ ਭੋਜਨ ਬਾਰੇ ਸਲਾਹ ਮਸ਼ਵਰਾ
- ਪਰਿਵਾਰਕ ਕਾਉਂਸਲਿੰਗ/ਥੈਰਪੀ
- ਪ੍ਰੇਸ਼ਾਵਰ/ਮਾਹਰ ਵੱਲੋਂ ਸਿਫਾਰਿਸ਼ ਕੀਤੀਆਂ ਹੋਰ ਇਲਾਜਾਤਮਕ ਸਰਗਰਮੀਆਂ (ਆਟਿਜ਼ਮ ਫੰਡਿੰਗ ਯੂਨਿਟ ਵੱਲੋਂ ਲਿਖਤੀ ਮਨਜ਼ੂਰੀ ਲੈਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ)
- ਪ੍ਰਬੰਧਕੀ ਖਰਚੇ (ਜਿਵੇਂ ਕਿ, ਬੁੱਕ ਕੀਪਿੰਗ ਸੇਵਾਵਾਂ ਲਈ 50 ਡਾਲਰ ਪ੍ਰਤੀ ਮਹੀਨਾ)
- ਇਮਪਲੋਇਰ ਦਾ ਖਰਚਾ (ਜਿਵੇਂ ਕਿ ਕਰਮਚਾਰੀ ਦਾ ਆਮਦਨੀ ਟੈਕਸ, ਕੈਨੇਡਾ ਪ੍ਰੈਂਸ਼ਨ ਪਲੈਨ, ਇਮਪਲਾਇਮੈਂਟ ਇਨਸ਼ੋਅਰੈਂਸ ਅਤੇ ਵਰਕਸੇਫਬੀ.ਸੀ. ਦੀਆਂ ਕਿਸ਼ਤਾਂ, ਚਾਰ ਫ਼ੀਸਦੀ ਛੁਟੀਆਂ ਦੀ ਤਨਖਾਹ)।

- ਮਾਲੀ ਸਹਾਇਤਾ ਦੇ 20 ਫ਼ੀ ਸਦੀ ਹਿੱਸੇ ਤਕ ਨੂੰ ਕਿਸੇ ਪ੍ਰੋਸ਼ਾਵਰ/ਮਾਹਰ ਵੱਲੋਂ ਭਰੇ ਜਾਣ ਵਾਲ਼ੇ ਜਸਟੀਫੀਕ੍ਰੇਸ਼ਨ ਫਾਰ ਇਕਉਪਮੈਂਟ/ਸਪਲਾਈਜ਼ ਫਾਰਮ (ਮਿਹਰਬਾਨੀ ਕਰ ਕੇ ਹੇਠਾਂ ਦਰਜ ***ਵੈਬਲਿੰਕ*** ਦੇਖੋ ਜਾਂ ਵਧੇਰੇ ਜਾਣਕਾਰੀ ਲਈ ਪੰਨਾ 16 'ਤੇ "ਆਟਿਜ਼ਮ ਫੰਡਿੰਗ: 6 ਤੋਂ 18 ਸਾਲ ਤਕ ਦੇ ਬੱਚਿਆਂ ਲਈ ਅਯੋਗ ਖਰਚੇ" ਵਾਲਾ ਫਾਰਮ ਦੇਖੋ) ਵਿੱਚ ਦੱਸੇ ਮੁਤਾਬਕ ਸਿਖਲਾਈ, ਆਟਿਜ਼ਮ ਦੇ ਇਲਾਜ ਅਤੇ ਸਿਖਲਾਈ ਦੀਆਂ ਸੇਵਾਵਾਂ ਲਈ ਕੀਤੇ ਜਾਣ ਵਾਲ਼ੇ ਸਫਰ ਖਰਚ (ਆਉਣ-ਜਾਣ ਦਾ ਕੁੱਲ ਸਫਰ 80 ਕਿਲੋਮੀਟਰ ਤੋਂ ਵੱਧ) ਅਤੇ ਅਸਰਦਾਰ ਇਲਾਜ ਲਈ ਕੰਮ ਆਉਣ ਵਾਲੇ ਸਾਜ਼ੋ-ਸਾਮਾਨ ਉੱਤੇ ਖ਼ਰਚ ਕੀਤਾ ਜਾ ਸਕਦਾ ਹੈ।

## ਬੀ.ਸੀ. ਦੇ ਵਿੱਚ-ਵਿੱਚ ਸਿਖਲਾਈ (ਆਉਣ-ਜਾਣ ਦਾ ਕੁੱਲ ਸਫਰ 80 ਕਿਲੋਮੀਟਰ ਤੋਂ ਵੱਧ):

- ਖਾਸ ਆਟਿਜ਼ਮ ਨਾਲ ਸੰਬੰਧਤ ਸਿਖਲਾਈ 'ਤੇ ਜਾਣ ਲਈ ਮਾਪਿਆਂ ਜਾਂ ਵਿਵਹਾਰਕ ਇਲਾਜ ਕਰਨ ਵਾਲੇ ਲਈ ਅਉਣ ਵਾਲੇ ਖਰਚੇ ਵਾਪਸ ਦੇ ਦਿੱਤੇ ਜਾਣਗੇ।
- ਟ੍ਰੈਵਲ ਖਰਚਿਆਂ ਵਿੱਚ ਸ਼ਾਮਲ ਹੋ ਸਕਦੇ ਹਨ ਹਵਾਈ ਜਹਾਜ਼ ਦੀ ਟਿਕਟ ਦੀ ਅਸਲ ਲਾਗਤ, ਬੱਸ ਜਾਂ ਗੱਡੀ ਦਾ ਕਿਰਾਇਆ, ਜਾਂ ਪ੍ਰਾਈਵੇਟ ਗੱਡੀ ਦਾ ਖਰਚਾ 0.40 ਸੈਂਟ ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ।
- ਹੋਟਲ ਦਾ ਖਰਚਾ ਵੱਧ ਤੋਂ ਵੱਧ 100 ਡਾਲਰ ਪ੍ਰਤੀ ਰਾਤ ਯੋਗ ਖਰਚ ਹੈ।
- ਪਾਰਕਿੰਗ ਦਾ ਸਾਰੇ ਦਿਨ ਦਾ ਖਰਚਾ 15 ਡਾਲਰ ਪ੍ਰਤੀ ਦਿਨ ਦੇ ਹਿਸਾਬ ਨਾਲ ਦਿੱਤਾ ਜਾਏਗਾ
- ਫੈਰੀ ਅਤੇ ਟੌਲ ਦੇ ਖਰਚੇ ਯੋਗ ਖਰਚੇ ਹਨ
- ਮਾਪਿਆਂ ਲਈ ਸਿੱਖਿਆਦਾਇਕ ਕਿਤਾਬਾਂ, ਡੀਵੀਡੀ ਅਤੇ ਵਿਡਿਓ (ਆਟਿਜ਼ਮ ਨਾਲ ਵਿਸ਼ੇਸ਼ ਤੌਰ ਤੇ ਸੰਬੰਧਿਤ)।

## ਬੀ.ਸੀ. ਵਿੱਚ ਆਟਿਜ਼ਮ ਦੇ ਇਲਾਜ ਦੀਆਂ ਸੇਵਾਵਾਂ ਲਈ ਸਫਰ ਦੇ ਖਰਚ (ਆਉਣ-ਜਾਣ ਦਾ ਕੁੱਲ ਸਫਰ 80 ਕਿ.ਮੀ. ਤੋਂ ਵੱਧ):

- ਜੇ ਤੁਸੀਂ ਆਪਣੀ ਕਮਿਊਨਿਟੀ ਵਿੱਚ ਸੇਵਾਵਾਂ ਪ੍ਰਦਾਨ ਕਰਨ ਵਾਲਾ ਨਹੀਂ ਲੱਭ ਸਕਦੇ, ਤੁਸੀਂ ਆਪਣੇ ਘਰ ਦੇ ਜਿੰਨਾ ਨੇੜੇ ਹੋ ਸਕੇ, ਸਭ ਤੋਂ ਕਿਫਾਇਤੀ ਸੇਵਾਵਾਂ ਲਈ ਹੋਏ ਖਰਚੇ ਦਾ ਕਲੇਮ ਕਰ ਸਕਦੇ ਹੋ।
- ਤੁਹਾਡੀ ਸਾਮ੍ਹਣੇ ਮੌਜੂਦ ਬਦਲਾਂ ਵਿੱਚ ਇਹ ਸ਼ਾਮਲ ਹੈ ਕਿ ਜਾਂ ਤੁਸੀਂ ਸੇਵਾ ਪ੍ਰਦਾਨ ਕਰਨ ਵਾਲੇ ਕੋਲ ਜਾਓ ਜਾਂ ਸੇਵਾ ਪ੍ਰਦਾਨ ਕਰਤਾ ਨੂੰ ਆਪਣੀ ਕਮਿਊਨਿਟੀ ਵਿੱਚ ਲਿਆ ਕੇ ਸੇਵਾ ਹਾਸਲ ਕਰ ਲਵੋ।
- ਟ੍ਰੈਵਲ ਖਰਚਿਆਂ ਵਿੱਚ ਸ਼ਾਮਲ ਹੋ ਸਕਦੇ ਹਨ ਹਵਾਈ ਜਹਾਜ਼, ਬੱਸ ਜਾਂ ਰੇਲ ਗੱਡੀ ਦਾ ਅਸਲ ਕਿਰਾਇਆ, ਜਾਂ 0.40 ਸੈਂਟ ਪ੍ਰਤੀ ਕਿਲੋਮੀਟਰ ਦੇ ਹਿਸਾਬ ਨਾਲ ਪ੍ਰਾਈਵੇਟ ਗੱਡੀ ਦਾ ਖਰਚਾ।
- ਹੋਟਲ ਦਾ ਖਰਚਾ ਵੱਧ ਤੋਂ ਵੱਧ 100 ਡਾਲਰ ਪ੍ਰਤੀ ਰਾਤ ਯੋਗ ਖਰਚ ਹੈ।
- ਪਾਰਕਿੰਗ ਦਾ ਸਾਰੇ ਦਿਨ ਦਾ ਖਰਚਾ 15 ਡਾਲਰ ਪ੍ਰਤੀ ਦਿਨ ਦੇ ਹਿਸਾਬ ਨਾਲ ਦਿੱਤਾ ਜਾ ਸਕਦਾ ਹੈ।
- ਫੈਰੀ ਅਤੇ ਟੌਲ ਦੇ ਖਰਚੇ ਯੋਗ ਖਰਚੇ ਹਨ।

## ਇਲਾਜਾਤਮਕ ਸੇਵਾਵਾਂ ਲਈ ਲੋੜੀਂਦਾ ਸਾਜ਼ੋ-ਸਾਮਾਨ ਅਤੇ ਸਮੱਗਰੀ:

ਬੱਚੇ ਵਾਸਤੇ ਇਲਾਜਾਤਮਕ ਸੇਵਾਵਾਂ ਲਈ ਲੋੜੀਂਦੇ ਯੰਤਰ ਅਤੇ ਸਮਾਗਰੀ ਜਸਟੀਫੀਕ੍ਰੇਸ਼ਨ ਫਾਰ ਇਕੁਇਪਮੈਂਟ/ਸਪਲਾਈਜ਼ ਵਾਲੇ ਫਾਰਮ ਵਿੱਚ ਮੰਗਣੇ ਲਾਜ਼ਮੀ ਹਨ ਜਿਹੜਾ ਹੇਠਾਂ ਦਿਤੀ ਸੂਚੀ ਵਿਚੋਂ ਕਿਸੇ ਮਾਹਿਰ ਪ੍ਰੋਸ਼ਾਵਰ/ਮਾਹਿਰ ਵੱਲੋਂ ਭਰਿਆ ਜਾਣਾ ਚਾਹੀਦਾ ਹੈ:

- ਬੀਹੇਵੀਓਰਲ ਕੰਸਲਟੈਂਟ ਜਾਂ ਵਿਵਹਾਰਕ ਸਲਾਹਕਾਰ
- ਫਿਜ਼ਿਓਥੈਰਪਿਸਟ
- ਸਪੀਚ-ਲੈਂਗੁਏਜ ਪੈਥਾਲੋਜਿਸਟ ਜਾਂ ਬੋਲਣ ਦੀ ਕਾਬਲੀਅਤ ਦਾ ਅਤੇ ਬੋਲੀ ਦੇ ਵਿਗਾੜਾਂ ਦਾ ਮਾਹਰ
- ਅੱਕੂਪੇਸ਼ਨਲ ਥੈਰਪਿਸਟ ਜਾਂ ਕਿੱਤਾ-ਮੁਖੀ ਇਲਾਜ ਦਾ ਮਾਹਿਰ
- ਰਜਿਸਟਰਡ ਸਾਈਕੋਲਾਜਿਸਟ ਜਾਂ ਮਨੋਵਿਗਿਆਨੀ
- ਰਜਿਸਟਰਡ ਸਾਈਕੋਲਾਜੀਕਲ ਐਸੋਸੀਏਟ ਜਾਂ ਮਨੋਵਿਗਿਆਨਕ ਸਹਾਇਕ
- ਸਾਇਕਾਇਟ੍ਰਿਸਟ ਮਨੋ-ਚਿਕਿਤਸਕ
- ਬੱਚਿਆਂ ਦਾ ਮਾਹਿਰ ਡਾਕਟਰ ਜਾਂ ਪੀਡੀਆਟ੍ਰਿਸ਼ੀਅਨ
- ਦਿਮਾਗੀ ਰੋਗਾਂ ਦਾ ਮਾਹਿਰ ਜਾਂ ਨਿਊਰਾਲੋਜਿਸਟ

ਸਾਜ਼ੋ-ਸਾਮਾਨ ਖਰੀਦਣ ਜਾਂ ਕਰਜ਼ੇ ਲਈ ਮਾਲੀ ਸਹਾਇਤਾ ਦੇ ਹੋਰ ਸਾਧਨ ਵੀ ਜ਼ਰੂਰ ਖੋਜਣੇ ਚਾਹੀਦੇ ਹਨ। ਉਹ ਚੀਜ਼ਾਂ ਦੁਬਾਰਾ ਨਹੀਂ ਖਰੀਦਣੀਆਂ ਚਾਹੀਦੀਆਂ ਜਿਹੜੀਆਂ ਐਸ.ਈ.ਟੀ.-ਬੀ.ਸੀ. , ਐਟ ਹੋਮ ਪ੍ਰੋਗਰਾਮ ਤੇ ਹੋਰ ਵਸਤਾਂ ਮੁਹੱਈਆ ਕਰਨ ਵਾਲੀਆਂ ਏਜੰਸੀਆਂ ਵੱਲੋਂ ਮਨਜ਼ੂਰ ਹੋ ਚੁੱਕੀਆਂ ਹੋਣ ਜਾਂ ਬੱਚੇ ਦੀਆਂ ਆਮ ਲੋੜਾਂ ਲਈ ਕੀਤੇ ਖਰਚੇ ਹੋਣ। ਮਿਹਰਬਾਨੀ ਕਰ ਕੇ ਐਸ.ਈ.ਟੀ.-ਬੀ.ਸੀ. ਬਾਰੇ ਵਧੇਰੇ ਜਾਣਕਾਰੀ ਵਾਸਤੇ ਹੇਠਾਂ ਦਿੱਤੇ ***ਵੈਬਲਿੰਕ*** ਦੇਖੋ।

### ਵੈੱਬਲਿੰਕਸ (WEBLINKS)

ਜਸਟੀਫੀਕ੍ਰੇਸ਼ਨ ਫਾਰ ਇਕਵਿਪਮੈਂਟ/ਸਪਲਾਈਜ਼ ਫਾਰਮ: www.mcf.gov.bc.ca/autism/programs/forms.htm (ਅੰਗਰੇਜ਼ੀ)

ਐਸ.ਈ.ਟੀ.-ਬੀ.ਸੀ.: www.setbc.org (ਅੰਗਰੇਜ਼ੀ)

## ਆਟਿਜ਼ਮ ਲਈ ਮਾਇਕ ਸਹਾਇਤਾ: 6 ਸਾਲ ਤੋਂ 18 ਸਾਲ ਦੇ ਬੱਚਿਆਂ ਲਈ ਅਯੋਗ ਖਰਚੇ

ਕਿਸੇ ਪ੍ਰੇਸ਼ਾਵਰ/ ਮਾਹਰ ਵੱਲੋਂ ਇਲਾਜਾਤਮਕ ਪ੍ਰੋਗਰਾਮ ਲਈ ਸਿਫਾਰਿਸ਼ ਕੀਤੇ ਕੁੱਝ ਸਾਜ਼ੋ-ਸਾਮਾਨ ਦਾ ਖਰਚਾ ਅਯੋਗ ਹੁੰਦਾ ਹੈ। ਹੇਠਾਂ ਦਿੱਤੀਆਂ ਉਦਾਹਰਣਾਂ ਅਯੋਗ ਚੀਜ਼ਾਂ ਦੀਆਂ ਹਨ:

- ਘਰ ਦੀਆਂ ਮੁਰੰਮਤਾਂ, ਸੁਧਾਈ, ਤੈਰਾਕੀ ਦੇ ਤਲਾਅ, ਹੌਟ ਟੱਬ, ਟ੍ਰੈਮਪੋਲੀਨਾਂ, ਖੇਡ-ਮੈਦਾਨ ਦਾ ਸਾਜ਼ੋ-ਸਾਮਾਨ
- ਘਰ ਦੀ ਵਰਤੋਂ ਵਾਲੀਆਂ ਚੀਜ਼ਾਂ, ਜਿਸ ਵਿੱਚ ਉਪਕਰਣ ਵੀ ਸ਼ਾਮਲ ਹਨ
- ਆਮ ਮਨੋਰੰਜਨ ਅਤੇ ਖੇਡਾਂ ਦੀਆਂ ਦਾਖ਼ਲਾ ਫੀਸਾਂ
- ਖੇਡਾਂ/ਕਸਰਤ ਵਾਲੇ ਸਾਜ਼ੋ-ਸਾਮਾਨ, ਜਿਸ ਵਿੱਚ ਬਾਈਸਾਈਕਲ ਵੀ ਸ਼ਾਮਲ ਹਨ
- ਇਲੈਕਟ੍ਰਾਨਿਕ ਸਾਜ਼ੋ-ਸਾਮਾਨ, ਜਿਸ ਵਿੱਚ ਟੈਲੀਵਿਯਨ, ਸੀਡੀ ਪਲੇਅਰ, ਸਟੀਰੀਓ, ਐਮ.ਪੀ.3 ਪਲੇਅਰਜ਼, ਗੇਮਜ਼ ਸਿਸਟਮ, ਵਿਡਿਓ ਗੇਮਾਂ, ਟ੍ਰੈਕਿੰਗ ਡੀਵਾਇਸਿਜ਼ ਅਤੇ ਸੈਲੂਲਰ ਫ਼ੋਨ/ਪਾਮ ਪਾਲਿਟਜ਼ ਸ਼ਾਮਲ ਹਨ
- ਏ.ਐਸ.ਡੀ. ਤੋ ਬਗੈਰ ਵਿਸ਼ੇਸ਼ ਸੀਡੀਆਂ, ਡੀਵੀਡੀਆਂ, ਅਤੇ ਵਿਡਿਓ ਡਿਸਕਾਂ
- ਸੰਗੀਤਕ ਸਾਜ਼ (ਖਰੀਦਣੇ ਜਾਂ ਕਿਰਾਏ ਤੇ ਲੈਣੇ)
- ਵਿਟਾਮਿਨਜ਼, ਮੈਡੀਕਲ ਸਪਲਾਈਜ਼, ਮਲਮੂਤਰ ਕਾਬੂ ਕਰਨ ਵਾਲ਼ੀ ਸਮੱਗਰੀ, ਕਮਜ਼ੋਰ ਜੋੜਾਂ ਦਾ ਸਾਜ਼ੋ-ਸਾਮਾਨ
- ਕਪੜੇ, ਹੈਲਮਟ (ਟੋਪੀਆਂ)
- ਖਾਣ ਵਾਲੀਆਂ ਵਸਤੂਆਂ (ਪਰ ਅਪਲਾਈਡ ਬੀਹੇਵੀਅਰ ਅਨੈਲੈਸਿਸ ਥੈਰੇਪੀ ਦੌਰਾਨ ਕੁੱਝ ਖਾਣੇ ਥੋੜੀ ਮਾਤਰਾ ਵਿੱਚ ਯੋਗ ਹੋ ਸਕਦੇ ਹਨ)

ਹੇਠਾਂ ਲਿਖੀਆਂ ਅਯੋਗ ਸੇਵਾਵਾਂ ਦੀਆਂ ਉਦਾਹਰਣਾਂ ਹਨ:

- ਬੱਚੇ ਦੀ ਸੰਭਾਲ
- ਰੈਸਪਾਈਟ (ਰਾਹਤ)
- ਕਲਾਸਾਂ (ਗਰੁੱਪ ਜਾਂ ਵਿਅਕਤੀਗਤ), ਜਿਵੇਂ ਕਿ ਤੈਰਾਕੀ ਦੇ ਜਾਂ ਕਰਾਟੀ ਦੇ ਸਬਕ
- ਮੈਡੀਕਲ ਸੇਵਾਵਾਂ

ਸਾਰੇ ਅਯੋਗ ਖਰਚੇ ਇਥੇ ਦੱਸੇ ਨਹੀਂ ਗਏ। ਇਹ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਪਰਿਵਾਰ ਚੀਜ਼ਾਂ ਖਰੀਦਣ ਤੋਂ ਪਹਿਲਾਂ ਪ੍ਰਵਾਨਗੀ ਲਈ ਆਟਿਜ਼ਮ ਫੰਡਿੰਗ ਯੂਨਿਟ ਨਾਲ਼ 1-877-777-3530 ਤੇ ਸੰਪਰਕ ਕਰਨ।



## ਆਟਿਜ਼ਮ ਦੇ ਪ੍ਰੋਗਰਾਮਾਂ ਦੀਆਂ ਸੇਵਾਵਾਂ ਹਾਸਲ ਕਰਨੀਆਂ

### ਪਹਿਲਾ ਕਦਮ:

ਇਕ ਵਾਰ ਜਦੋਂ ਮੁਲਾਂਕਣ ਮੁਕੰਮਲ ਹੋ ਜਾਂਦਾ ਹੈ, ਤੁਹਾਨੂੰ ਬੀ.ਸੀ.ਏ.ਏ.ਐਨ. ਦਾ ਕਲਿਨਿਕਲ ਨਤੀਜਾ ਫਾਰਮ ਮਿਲੇਗਾ ਜਾਂ ਬੀ.ਸੀ.ਏ.ਏ.ਐਨ. ਤੋਂ ਬਾਹਰੀ (ਪ੍ਰਾਈਵੇਟ) ਏ.ਐਸ.ਡੀ. ਦਾ ਰੋਗ-ਪਛਾਣ ਫਾਰਮ ਮਿਲੇਗਾ। ਜੇ ਫਾਰਮ ਵਿੱਚ ਏ.ਐਸ.ਡੀ. ਦਾ ਰੋਗ-ਪਛਾਣ ਦਾ ਹਵਾਲਾ ਦਿੱਤਾ ਹੋਇਆ ਹੈ ਅਤੇ ਤੁਸੀਂ ਆਟਿਜ਼ਮ ਪ੍ਰੋਗਰਾਮ ਲਈ ਅਪਲਾਈ ਕਰਨਾ ਚਾਹੋਂ, ਤਾਂ ਇਹ ਮਹਤੱਵਪੂਰਣ ਹੈ ਕਿ ਜਿੰਨੀ ਛੇਤੀ ਹੋ ਸਕੇ, ਤੁਸੀਂ ਐੱਮ.ਸੀ.ਐੱਫ.ਡੀ. ਦਫ਼ਤਰ ਨਾਲ਼ ਸੰਪਰਕ ਕਰੋ ਅਤੇ ਸੀ.ਵਾਈ.ਐੱਸ.ਐੱਨ. ਸੱਪੋਰਟ ਵਰਕਰ ਨਾਲ ਮੁਲਾਕਾਤ ਮੁਕਰਰ ਕਰੋ। (ਦੇਖੋ ਪੰਨਾ 24 ’ਤੇ “ਸਾਡੇ ਨਾਲ਼ ਸੰਪਰਕ ਕਰੋ”)।

ਹੇਠਾਂ ਲਿਖੇ ਕਾਗ਼ਜ਼ਾਤ ਲੋੜੀਂਦੇ ਹੋਣਗੇ:

- ਬੀ.ਸੀ.ਏ.ਏ.ਐਨ. ਦਾ ਕਲਿਨਿਕਲ ਪ੍ਰਮਾਣ ਫਾਰਮ ਜਾਂ ਬੀ.ਸੀ.ਏ.ਏ.ਐਨ. ਤੋਂ ਬਾਹਰੀ (ਪ੍ਰਾਈਵੇਟ) ਏ.ਐਸ.ਡੀ. ਦਾ ਰੋਗ-ਪਛਾਣ ਫਾਰਮ ਜਿਹੜਾ ਏ.ਐਸ.ਡੀ. ਦਾ ਰੋਗ-ਪਛਾਣ ਦਾ ਵੇਰਵਾ ਦਰਸਾਉਂਦਾ ਹੋਵੇ। (ਰੋਗ-ਪਛਾਣ ਅਤੇ ਮੁਲਾਂਕਣ ਦੇਖੋ ਪੰਨਾ 6)।
- ਤੁਹਾਡੇ ਬੱਚੇ ਦੀ ਉਮਰ ਦਾ ਪ੍ਰਮਾਣ (ਜਿਵੇਂ ਕਿ ਜਨਮ ਦਾ ਸਰਟੀਫੀਕੇਟ)
- ਤੁਹਾਡੇ ਬੱਚੇ ਦਾ ਬੀ.ਸੀ. ਕੇਅਰ ਕਾਰਡ
- ਆਟਿਜ਼ਮ ਪ੍ਰੋਗਰਾਮਾਂ ਵਾਸਤੇ ਅਰਜ਼ੀ

ਆਟਿਜ਼ਮ ਪ੍ਰੋਗਰਾਮਾਂ ਵਾਸਤੇ ਅਰਜ਼ੀ ਤੁਸੀਂ www.mcf.gov.bc.ca/autism/ (ਅੰਗਰੇਜੀ) ਵੈੱਬਸਾਈਟ ਤੋਂ ਲੈ ਸਕਦੇ ਹੋ ਜਾਂ ਸੀ.ਵਾਈ.ਐੱਸ.ਐੱਨ. ਸੱਪੋਰਟ ਵਰਕਰ ਤੁਹਾਨੂੰ ਫਾਰਮ ਉਪਲਬਧ ਕਰਾ ਸਕਦਾ/ਸਕਦੀ ਹੈ।

### ਦੂਜਾ ਕਦਮ

ਸੀ.ਵਾਈ.ਐੱਸ.ਐੱਨ. ਸੱਪੋਰਟ ਵਰਕਰ ਹੇਠ ਲਿਖੇ ਮਕਸਦ ਲਈ ਤੁਹਾਡੇ ਨਾਲ ਮੀਟਿੰਗ ਕਰੇਗਾ ਕਿ:

- ਤਸਦੀਕ ਕਰ ਸਕੇ ਕਿ ਤੁਹਾਡਾ ਬੱਚਾ ਆਟਿਜ਼ਮ ਪ੍ਰੋਗਰਾਮਾਂ ਵਿੱਚ ਦਾਖ਼ਲ ਹੋਣ ਦੇ ਯੋਗ ਹੈ
- ਆਟਿਜ਼ਮ ਪ੍ਰੋਗਰਾਮਾਂ ਬਾਰੇ ਜਾਣਕਾਰੀ ਦੇਣ ਲਈ, ਸਣੇ ਜੋ ਬਦਲ ਤੁਹਾਡੀ ਕਮਿਊਨਿਟੀ ਵਿੱਚ ਉਪਲਬਧ ਹਨ
- ਐੱਮ.ਸੀ.ਐੱਫ.ਡੀ. ਰਾਹੀਂ ਯੋਜਨਾਬੰਦੀ ਅਤੇ ਸਹਾਇਤਾ ਦੀਆਂ ਹੋਰ ਸੇਵਾਵਾਂ ਬਾਰੇ ਵਿਚਾਰ ਕਰਨ ਲਈ (ਸਾਈਡਬਾਰ ਦੇਖੋ ਜੀ)।

### ਮਾਪਿਆਂ ਲਈ ਨੁਕਤਾ

*ਜਿਸ ਮਹੀਨੇ ਐੱਮ.ਸੀ.ਐੱਫ.ਡੀ. ਨੂੰ ਸਾਰੇ ਲੋੜੀਂਦੀ ਕਾਗ਼ਜ਼ਾਤ ਮਿਲ ਜਾਣ, ਉਸ ਮਹੀਨੇ ਦੇ ਪਹਿਲੇ ਦਿਨ ਤੁਹਾਡਾ ਬੱਚਾ ਫੰਡਿੰਗ ਦਾ ਹੱਕਦਾਰ ਹੋਵੇਗਾ। ਤੁਹਾਨੂੰ ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਸੀ.ਵਾਈ.ਐੱਸ.ਐੱਨ. ਸੱਪੋਰਟ ਵਰਕਰ ਨਾਲ ਮੀਟਿੰਗ ਤੋਂ ਪਹਿਲਾਂ ਤੁਸੀਂ ਲੋੜੀਂਦੇ ਜ਼ਰੂਰੀ ਕਾਗ਼ਜ਼ਾਤ ਸਥਾਨਕ ਐੱਮ.ਸੀ.ਐੱਫ.ਡੀ. ਦਫ਼ਤਰ ਵਿੱਚ ਡਾਕ ਜਾਂ ਫੈਕਸ ਰਾਹੀ ਭੇਜੋ। ਸਾਡੇ ਨਾਲ਼ ਸੰਪਰਕ ਕਰੋ, ਵੇਖੋ ਪੰਨਾ 24)। ਸੀ.ਵਾਈ.ਐੱਸ.ਐੱਨ. ਸੱਪੋਰਟ ਵਰਕਰ ਉਨ੍ਹਾਂ ਕਾਗ਼ਜ਼ਾਤ ਤੇ ਮੁੜ-ਵਿਚਾਰ ਕਰ ਕੇ ਦੇਖੇਗਾ ਕਿ ਕੀ ਕਾਗ਼ਜ਼ ਪੂਰੇ ਹਨ।*

### ਮਾਪਿਆਂ ਲਈ ਨੁਕਤਾ

*ਆਟਿਜ਼ਮ ਦੇ ਪ੍ਰੋਗਰਾਮ ਦੇ ਨਾਲ ਨਾਲ, ਐੱਮ.ਸੀ.ਐੱਫ.ਡੀ. ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ, ਯੁਵਕਾਂ ਅਤੇ ਪਰਿਵਾਰਾਂ ਨੂੰ ਹੋਰ ਬੜੀਆਂ ਸਹਾਇਤਾ ਸੇਵਾਵਾਂ ਪ੍ਰਦਾਨ ਕਰਦੀ ਹੈ। ਸੀ.ਵਾਈ.ਐੱਸ.ਐੱਨ. ਸੱਪੋਰਟ ਵਰਕਰ ਇਨ੍ਹਾਂ ਸਹਾਇਤਾ ਪ੍ਰੋਗਰਾਮਾਂ ਬਾਰੇ ਤੁਹਾਨੂੰ ਜਾਣਕਾਰੀ ਦੇਵੇਗਾ/ਦੇਵੇਗੀ ਜਾਂ ਅਜਿਹਾ ਕਰਨ ਲਈ ਕਿਸੇ ਹੋਰ ਸਮੇਂ ਇੱਕ ਹੋਰ ਮੀਟਿੰਗ ਦਾ ਪ੍ਰਬੰਧ ਕਰੇਗਾ/ਕਰੇਗੀ।*

# ਮਾਇਕ ਸਹਾਇਤਾ

## *ਇਨਵੋਇਸ ਰਾਹੀਂ ਪੇਮੈਂਟ*

ਇਕ ਆਟਿਜ਼ਮ ਇਨਵੋਇਸ ਪੇਮੈਂਟ ਐਗਰੀਮੈਂਟ ਰਾਹੀਂ ਰਕਮ ਨੂੰ ਬੱਚੇ ਦੇ ਨਾਮ ਤੇ ਖੋਲ੍ਹੇ ਇੱਕ ਸਰਕਾਰੀ ਖਾਤੇ ਵਿੱਚ ਜਮ੍ਹਾ ਕਰਵਾ ਦਿਤਾ ਜਾਂਦਾ ਹੈ ਅਤੇ ਇਸ ਵਿਚੋਂ ਯੋਗ ਸੇਵਾਵਾਂ ਲਈ ਸੇਵਾਵਾਂ ਪ੍ਰਦਾਨ ਕਰਨ ਵਾਲਿਆਂ ਨੂੰ ਰਕਮ ਸਿੱਧੀ ਅਦਾ ਕਰ ਦਿਤੀ ਜਾਂਦੀ ਹੈ।

ਕਿਹੜੀ ਸੇਵਾ ਹਾਸਲ ਕਰਨੀ ਹੈ ਜਾਂ ਕਿਸ ਸੇਵਾ ਪ੍ਰਦਾਨ ਕਰਨ ਵਾਲੇ ਤੋਂ ਸੇਵਾ ਹਾਸਲ ਕਰਨੀ ਹੈ, ਇਹ ਫੈਸਲਾ ਮਾਪੇ ਕਰਦੇ ਹਨ ਤੇ ਇਸ ਪਿਛੋਂ ਉਹ ਆਟਿਜ਼ਮ ਫੰਡਿੰਗ ਯੂਨਿਟ ਨੂੰ ਇੱਕ ਫਾਰਮ ਭਰ ਕੇ ਸੂਚਤ ਕਰ ਦਿੰਦੇ ਹਨ। ਇਸ ਫਾਰਮ ਦਾ ਨਾਮ ਰੀਕੁਇਸਟ ਟੂ ਪੇਅ ਸਰਵਿਸ ਪ੍ਰੋਵਾਇਡਰਜ਼/ਸਪਲਾਇਰਜ਼ ਫਾਰਮ ਹੈ। [ਨਾਨ-ਪ੍ਰਾਫਿਟ ਏਜੰਸੀ ਐਕਟ (The non-profit agency ACT) ਮੁਤਾਬਕ ਛੇ ਸਾਲ ਤੋਂ ਘੱਟ ਉਮਰ ਵਾਲੇ ਬੱਚਿਆਂ ਦੇ ਮਾਪਿਆਂ ਲਈ ਆਪਣੀ ਪਸੰਦ ਦਾ ਸੇਵਾ ਪ੍ਰਦਾਤਾ ਉਸ ਸੂਚੀ ਵਿੱਚੋਂ ਚੁਣਨਾ ਲਾਜ਼ਮੀ ਹੈ ਜਿਹੜੀ ਆਟਿਜ਼ਮ ਕਮਿਊਨਿਟੀ ਟ੍ਰੇਨਿੰਗ ਵਾਲਿਆਂ ਵੱਲੋਂ ਬਣਾਈ ਜਾਂਦੀ ਹੈ।] ਆਪਣੇ ਕੀਤੇ ਕੰਮ ਲਈ ਸੇਵਾ ਪ੍ਰਦਾਤਾ ਆਟਿਜ਼ਮ ਫੰਡਿੰਗ ਯੂਨਿਟ ਨੂੰ ਇਨਵਾਇਸ ਭੇਜਦੇ ਹਨ।

ਐੱਮ.ਸੀ.ਐੱਫ.ਡੀ. ਦਾ ਪੱਕਾ ਇਰਾਦਾ ਹੈ ਕਿ ਸਾਰੀਆਂ ਮਨਜ਼ੂਰਸ਼ੁਦਾ ਇਨਵਾਇਸਾਂ ਪ੍ਰਾਪਤ ਹੋਣ ਦੇ 30 ਦਿਨ ਦੇ ਅੰਦਰ ਅਦਾ ਕਰ ਦਿੱਤੀਆਂ ਜਾਣ ਭਾਵੇਂ ਕਿ ਬਹੁਤੀਆਂ ਇਸ ਤੋਂ ਘੱਟ ਸਮੇਂ ਵਿੱਚ ਹੀ ਅਦਾ ਕਰ ਦਿੱਤੀਆਂ ਜਾਂਦੀਆਂ ਹਨ।

ਮੌਜੂਦ ਸਮੇਂ ਵਿੱਚ ਐੱਮ.ਸੀ.ਐੱਫ.ਡੀ. ਵੱਲੋਂ ਸੇਵਾ ਪ੍ਰਦਾਤਾਵਾਂ ਉੱਤੇ ਸ਼ਰਤ ਲਾਈ ਗਈ ਹੈ ਕਿ ਪੇਸ਼ ਕੀਤੀਆਂ ਜਾ ਚੁੱਕੀਆਂ ਸੇਵਾਵਾਂ ਲਈ ਉਹ ਮਹੀਨੇ ਵਿੱਚ ਇੱਕ ਵਾਰੀ ਤੋਂ ਵੱਧ ਇਨਵਾਇਸ ਨਾ ਭੇਜਣ। ਆਉਣ ਵਾਲੇ ਸਮੇਂ ਵਿੱਚ ਪੇਸ਼ ਕੀਤੀਆਂ ਜਾਣ ਵਾਲੀਆਂ ਸੇਵਾਵਾਂ ਲਈ ਜਾਂ ਖੁੰਝਾਈਆਂ ਗਈਆਂ ਐਪੁਆਇੰਟਮੈਂਟਾਂ ਨਾਲ ਸੰਬੰਧਤ ਇਨਵਾਇਸਾਂ ਆਟਿਜ਼ਮ ਫੰਡਿੰਗ ਪ੍ਰੋਗਰਾਮਾਂ ਤਹਿਤ ਅਦਾਇਗੀਯੋਗ ਨਹੀਂ ਹੁੰਦੀਆਂ। ਜਿਹੜੇ ਸੇਵਾ ਪ੍ਰਦਾਤਾ ਇਨਵਾਇਸ ਪੇਮੈਂਟ ਦੇ ਤਰੀਕੇ ਤਹਿਤ ਸੇਵਾਵਾਂ ਪੇਸ਼ ਕਰਦੇ ਹਨ, ਉਨ੍ਹਾਂ ਕੋਲ ਆਟਿਜ਼ਮ ਫੰਡਿੰਗ ਯੂਨਿਟ ਕੋਲੋਂ ਅਦਾਇਗੀ ਲੈਣ ਲਈ ਕੰਮ ਕੀਤੇ ਜਾਣ ਦੀ ਤਾਰੀਖ਼ ਤੋਂ ਬਾਅਦ ਵੱਧ ਤੋਂ ਵੱਧ ਛੇ ਮਹੀਨੇ ਦਾ ਸਮਾਂ ਹੁੰਦਾ ਹੈ।

ਆਪਣੇ ਬੱਚੇ ਦੇ ਖਾਤੇ ਵਿੱਚ ਪਈ ਬਕਾਇਆ ਧਨ-ਰਾਸ਼ੀ ਬਾਰੇ ਪਤਾ ਕਰਨ ਲਈ ਮਾਤਾ-ਪਿਤਾ ਕਿਸੇ ਵੀ ਵਕਤ ਆਟਿਜ਼ਮ ਫੰਡਿੰਗ ਯੂਨਿਟ ਨਾਲ ਸੰਪਰਕ ਕਰ ਸਕਦੇ ਹਨ।

ਬੱਚੇ ਦੇ ਜਨਮ ਵਾਲੇ ਮਹੀਨੇ ਦੇ ਆਖ਼ੀਰ 'ਤੇ ਆਟਿਜ਼ਮ ਫੰਡ ਦਿੱਤੇ ਜਾਣ ਦੇ ਇਕਰਾਰਨਾਮੇ ਆਪਣੇ ਆਪ ਨਵਿਆਏ ਜਾਂਦੇ ਹਨ।

*ਜਦੋਂ ਕਦੇ ਵੀ ਰੁਜ਼ਗਾਰਦਾਤਾ-ਕਰਮਚਾਰੀ ਵਾਲਾ ਸੰਬੰਧ ਮੌਜੂਦ ਹੋਵੇ ਤਾਂ ਕੈਨੇਡਾ ਪੈਨਸ਼ਨ ਪਲਾਨ, ਐਪਲਾਇਮੈਂਟ ਇਨਸ਼ੋਰੈਂਸ ਅਤੇ ਵਰਕਰਸਜ਼ ਕੰਪੈਨਸੇਸ਼ਨ ਬੋਰਡ ਦੀਆਂ ਕਿਸ਼ਤਾਂ ਵਰਗੇ ਰੁਜ਼ਗਾਰ ਨਾਲ ਸੰਬੰਧਤ ਖ਼ਰਚਿਆਂ ਦੀ ਜ਼ਿੰਮੇਵਾਰੀ ਮਾਪਿਆਂ ਦੀ ਹੁੰਦੀ ਹੈ। ਐੱਮ.ਸੀ.ਐੱਫ.ਡੀ. ਮਾਤਾ-ਪਿਤਾ ਦੀ ਬਿਨਾ 'ਤੇ ਇਹ ਅਦਾਇਗੀਆਂ ਆਪ ਨਹੀਂ ਕਰ ਸਕਦੀ ਪਰ ਹੋਏ ਖ਼ਰਚ ਬਦਲੇ ਮਾਪਿਆਂ ਨੂੰ ਮੁਆਵਜ਼ਾ ਦੇ ਸਕਦੀ ਹੈ।*

# ਆਟਿਜ਼ਮ ਲਈ ਮਾਇਕ ਸਹਾਇਤਾ ਦੇ ਪ੍ਰੋਗਰਾਮ ਅਤੇ ਮਾਪਿਆਂ ਦੀਆਂ ਜ਼ਿੰਮੇਵਾਰੀਆਂ

ਆਟਿਜ਼ਮ ਫੰਡਿੰਗ ਪ੍ਰੋਗਰਾਮ ਮਾਪਿਆਂ ਨੂੰ ਪਸੰਦ ਦਾ ਤਰੀਕਾ ਚੁਣਨ ਅਤੇ ਚੋਣ ਕਰਨ ਲਈ ਲਚਕ ਦਾ ਮੌਕਾ ਦਿੰਦੇ ਹਨ।

ਇਨ੍ਹਾਂ ਪ੍ਰੋਗਰਾਮਾਂ ਨਾਲ ਸੰਬੰਧਿਤ ਜ਼ਿੰਮੇਵਾਰੀਆਂ ਨੂੰ ਜਾਣਨਾ ਜ਼ਰੂਰੀ ਹੈ। ਆਪਣੇ ਆਟਿਜ਼ਮ ਇਨਵੋਇਸ ਪੇਮੈਂਟ ਐਗਰੀਮੈਂਟ ਵਿੱਚ ਦੱਸੀਆਂ ਮਾਪਿਆਂ ਦੀਆਂ ਜ਼ਿੰਮੇਵਾਰੀਆਂ ਦੇਖੋ ਅਤੇ ਲੋੜ ਹੋਵੇ ਤਾਂ ਆਟਿਜ਼ਮ ਫੰਡਿੰਗ ਯੂਨਿਟ ਤੋਂ ਸਪਸ਼ਟਕਰਨ ਮੰਗੋ।

ਮਾਪਿਆਂ ਦੀਆਂ ਜ਼ਿੰਮੇਵਾਰੀਆਂ ਵਿੱਚ ਸ਼ਾਮਲ ਹਨ:

- ਫੰਡ ਲੈਣ ਦੇ ਇਕਰਾਰਨਾਮੇ ਅਤੇ ਪ੍ਰੋਗਰਾਮ ਦੀਆਂ ਮੌਜੂਦਾ ਪਾਲਿਸੀਆਂ ਅਨੁਸਾਰ ਫੰਡ ਨੂੰ ਕੇਵਲ ਆਟਿਜ਼ਮ ਦੇ ਯੋਗ ਖਰਚਾਂ ਲਈ ਹੀ ਵਰਤਣਾ ਤੇ ਹੋਰ ਕਿਸੇ ਮਕਸਦ ਲਈ ਨਹੀਂ।
- ਸੇਵਾ ਪ੍ਰਦਾਨ ਕਰਨ ਵਾਲਿਆਂ ਨੂੰ ਕੰਮ ਲਈ ਰੱਖਣਾ, ਉਨ੍ਹਾਂ ਦੀ ਨਜ਼ਰਸਾਨੀ ਕਰਨੀ ਅਤੇ ਤਨਖਾਹ ਦੇਣੀ
- ਇਹ ਯਕੀਨੀ ਬਣਾਉਣਾ ਕਿ ਸਾਰੇ ਸੇਵਾ ਪ੍ਰਦਾਨੀ ਘੱਟੋ ਘੱਟ 19 ਸਾਲ ਦੇ ਹੋਣ ਅਤੇ ਉਨ੍ਹਾਂ ਦਾ ਮੁਜ਼ਰਮਾਨਾ ਰੀਕਾਰਡ ਮੌਜੂਦਾ ਸਮੇਂ ਤਕ ਦਾ, ਅਤੇ ਸਾਫ ਸੁਥਰਾ ਹੋਵੇ
- ਇਹ ਨਿਰਣਾ ਕਰਨਾ ਕਿ ਮਾਪਿਆਂ ਤੇ ਸੇਵਾ ਪ੍ਰਦਾਨੀਆਂ ਵਿਚਕਾਰ ਮਾਲਕ/ਕਰਮਚਾਰੀ ਦਾ ਰਿਸ਼ਤਾ ਮੌਜੂਦ ਹੈ ਜਾਂ ਨਹੀਂ
- *ਮਾਲਕ/ਕਰਮਚਾਰੀ ਜ਼ਿੰਮੇਵਾਰੀਆਂ ਨਿਭਾਉਣੀਆਂ, ਜਿਨ੍ਹਾਂ ਵਿੱਚ ਨੌਕਰੀ ਦੇ ਸੰਬੰਧਤ ਮਿਆਰਾਂ ਦੀ ਪਾਲਣਾ ਕਰਨਾ, ਅਤੇ ਕੈਨੇਡਾ ਪੈਨਸ਼ਨ ਪਲੈਨ ਦੀ ਕ਼ਿਸ਼ਤ ਅਦਾ ਕਰਨਾ, ਇੰਪਲੋਇਮੈਂਟ ਇਨਸ਼ੋਰੈਂਸ ਅਤੇ ਵਰਕਰਜ਼ ਕੰਪਨਸ਼ੇਸ਼ਨ ਬੋਰਡ – ਵਰਕਸੇਫ਼ ਬੀ.ਸੀ. ਦੀਆਂ ਕ਼ਿਸ਼ਤਾਂ ਅਤੇ ਰੋਜ਼ਗਾਰਦਾਤਾ ਨਾਲ ਸੰਬੰਧਤ ਹੋਰ ਖਰਚ ਅਦਾ ਕਰਨੇ*

- ਜੇ ਬੱਚਾ ਛੇ ਸਾਲ ਤੋਂ ਛੋਟਾ ਹੈ:
  - ਆਟਿਜ਼ਮ ਫੰਡਿੰਗ ਜਾਂ ਇਨਵੋਇਸ ਰਾਹੀਂ ਪੇਮੈਂਟ ਪ੍ਰੋਗਰਾਮ ਵਿੱਚ ਦਾਖਲ ਹੋਣ ਪਿਛੋਂ ਚਾਰ ਮਹੀਨੇ ਦੇ ਵਿਚ-ਵਿਚ ਬੱਚੇ ਦੀ ਵਿਵਹਾਰਕ ਇਲਾਜ ਦੀ ਵਿਉਂਤ ਦੀ ਇੱਕ ਕਾਪੀ ਦਫਤਰ ਵਿੱਚ ਦੇਣੀ
  - ਸੇਵਾਵਾਂ ਲੈਣ ਲਈ ਮਾਹਰਾਂ ਨੂੰ ਆਟਿਜ਼ਮ ਸੇਵਾ ਪ੍ਰਦਾਨੀਆਂ ਦੀ ਰਜਿਸਟਰੀ ਵਿਚੋਂ ਹੀ ਚੁਣਨਾ
- ਆਟਿਜ਼ਮ ਫੰਡਿੰਗ ਯੂਨਿਟ ਨੂੰ ਹਰ ਸੇਵਾ ਪ੍ਰਦਾਤਾ ਲਈ ਸੇਵਾ ਪ੍ਰਦਾਤਾਵਾਂ/ਸਪਲਾਇਰਾਂ ਨੂੰ ਅਦਾਇਗੀ ਕੀਤੇ ਜਾਣ ਦਾ ਇੱਕ ਫ਼ਾਰਮ, ਜਿਸ ਵਿੱਚ ਦੱਸਿਆ ਹੋਵੇ ਕਿ ਅਦਾਇਗੀ ਦੀ ਬੇਨਤੀ ਵਾਲੇ ਫ਼ਾਰਮ ਸੇਵਾ ਪ੍ਰਦਾਤਾ ਵੱਲੋਂ ਮੰਗੀ ਜਾਣ ਵਾਲੀ ਵੱਧ ਤੋਂ ਵੱਧ ਰਕਮ ਵਿੱਚ ਦਰਜ ਰਾਸ਼ੀ ਕਿੰਨੀ ਹੈ, ਦਾਇਰ ਕਰਨਾ
- ਜੇ ਘਰ ਦੇ ਪਤੇ, ਬੱਚੇ ਦੀ ਸੰਭਾਲ, ਜਾਂ ਹਾਲਤਾਂ ਵਿੱਚ ਕੋਈ ਅਜਿਹੀ ਤਬਦੀਲੀ ਵਾਪਰੇ ਜਿਸ ਕਾਰਣ ਮਾਇਕ ਸਹਾਇਤਾ ਦੀ ਲੋੜ ਨਾ ਰਹੇ ਜਾਂ ਲੋੜ ਘਟ ਜਾਵੇ, ਤਾਂ 30 ਦਿਨਾਂ ਦੇ ਵਿਚ-ਵਿਚ ਆਟਿਜ਼ਮ ਫੰਡਿੰਗ ਯੂਨਿਟ ਨੂੰ ਸੂਚਤ ਕਰਨਾ
- ਵਧੀਕ ਜ਼ਿੰਮੇਵਾਰੀਆਂ ਉਹ ਹਨ ਜੋ ਆਟਿਜ਼ਮ ਇਨਵੋਇਸ ਪੇਮੈਂਟ ਐਗਰੀਮੈਂਟ ਵਿੱਚ ਦਰਜ ਕੀਤੀਆਂ ਗਈਆਂ ਹਨ



## ਵੈੱਬਲਿੰਕਸ (WEBLINKS)

ਇਕ ਰੋਜ਼ਗਾਰਦਾਤਾ ਵਜੋਂ ਜ਼ਿੰਮੇਵਾਰੀਆਂ ਦੇ ਤੈਅ ਕੀਤੇ ਜਾਣ ਜਾਂ ਟੈਕਸ ਬਾਰੇ ਜਾਣਕਾਰੀ ਲਈ ਸਹਾਇਤਾ ਦੇ ਸੋਮੇ:

### ਕੈਨੇਡਾ ਰੈਵਨਿਊ ਏਜੰਸੀ

(ਖਾਸ ਰੋਜ਼ਗਾਰ ਸੰਬੰਧੀ ਜ਼ਿੰਮੇਵਾਰੀਆਂ ਲਈ ਜਾਣਕਾਰੀ)

1 800 959-5525

www.cra-arc.gc.ca/E/pub/tg/rc4110/README.html (ਅੰਗਰੇਜ਼ੀ)

### ਵਰਕਰਜ਼ ਕੰਪਨਸੇ਼ਸ਼ਨ ਬੋਰਡ – ਵਰਕਸੇਫ਼ ਬੀ.ਸੀ.

1 888 922-2768

www.worksafebc.com/employers_and_small_business/overview/default.asp (ਅੰਗਰੇਜ਼ੀ)

### ਇੰਪਲੋਇਮੈਂਟ ਸਟੈਂਡਰਡਜ਼ ਬਰਾਂਚ, ਮਨਿਸਟਰੀ ਔਫ਼ ਲੇਬਰ ਐਂਡ ਸਿਟੀਜ਼ਨਜ਼ ਸਰਵਿਸਜ਼

1 800 663-3316 (ਜਾਂ ਪ੍ਰਿੰਸ ਜੌਰਜ ਵਿੱਚ ਕਾਲ ਕਰੋ: 250-612-4100)

www.labour.gov.bc.ca/esb/does-esa-apply.htm (ਅੰਗਰੇਜ਼ੀ)

**ਮਿਹਰਬਾਨੀ ਕਰ ਕੇ ਨੋਟ ਕਰੋ:** ਰੋਜ਼ਗਾਰਦਾਤਾ ਦੀਆਂ ਜ਼ਿੰਮੇਵਾਰੀਆਂ ਬਾਰੇ ਜਾਂ ਟੈਕਸਾਂ ਬਾਰੇ ਆਟਿਜ਼ਮ ਫੰਡਿੰਗ ਯੂਨਿਟ ਕੋਈ ਸਲਾਹ ਮਸ਼ਵਰਾ ਜਾਂ ਪ੍ਰਸ਼ਨਾਂ ਦੇ ਉਤਰ ਨਹੀਂ ਦੇ ਸਕਦੀ

## ਪਾਲਣ ਵਾਲ਼ੇ ਮਾਪੇ ਅਤੇ ਦੇਖ-ਰੇਖ ਹੇਠਲੇ ਬੱਚੇ

ਕਿਸੇ ਹੋਰ ਦੀ ਸੰਭਾਲ ਵਿੱਚ ਰਹਿਣ ਵਾਲੇ ਬੱਚੇ ਆਟਿਜ਼ਮ ਦੇ ਪ੍ਰੋਗਰਾਮਾਂ ਤੋਂ ਸਹਾਇਤਾ ਲੈ ਸਕਦੇ ਹਨ। ਜੇ ਤੁਸੀਂ ਕਿਸੇ ਬੱਚੇ ਜਾਂ ਯੁਵਕ ਦੀ ਸੰਭਾਲ ਕਰ ਰਹੇ ਹੋ ਤੇ ਮਹਿਸੂਸ ਕਰਦੇ ਹੋ ਕਿ ਉਸਨੂੰ ਆਟਿਜ਼ਮ ਹੋ ਸਕਦਾ ਹੈ, ਤਾਂ ਉਸਦੇ ਸਰਪ੍ਰਸਤ ਕਰਮਚਾਰੀ ਨਾਲ ਆਪਣੇ ਤੌਖਲਿਆਂ ਬਾਰੇ ਗੱਲਬਾਤ ਕਰੋ।

ਏ.ਐਸ.ਡੀ. ਵਾਲੇ ਬੱਚਿਆਂ ਜਾਂ ਯੁਵਕਾਂ ਲਈ ਸੇਵਾਵਾਂ ਐਮ.ਸੀ.ਐਫ.ਡੀ. ਵੱਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਬੱਚੇ ਜਾਂ ਯੁਵਕ ਲਈ ਕੰਮ ਕਰ ਰਿਹਾ ਵਰਕਰ ਆਟਿਜ਼ਮ ਵਾਸਤੇ ਮਾਇਕ ਸਹਾਇਤਾ ਲਈ ਅਰਜ਼ੀ (ਆਟਿਜ਼ਮ ਫੰਡਿੰਗ ਐਪਲੀਕੇਸ਼ਨ) ਭਰਦਾ ਹੈ (ਹੇਠ ਦਿੱਤਾ ***ਵੈੱਬਲਿੰਕ*** ਦੇਖੋ)। ਸੀ.ਵਾਈ.ਐੱਸ.ਐੱਨ. ਸੱਪੋਰਟ ਵਰਕਰ ਅਰਜੀ ਨੂੰ ਮਨਜ਼ੂਰ ਕਰਦੇ ਹਨ ਅਤੇ ਆਟਿਜ਼ਮ ਲਈ ਮਾਇਕ ਸਹਾਇਤਾ ਦੀ ਸ਼ੁਰੂਆਤ ਕਰਦੇ ਹਨ।

ਸੰਭਾਲ ਵਿੱਚ ਰਹਿੰਦੇ ਬੱਚਿਆਂ ਲਈ ਸਿਹਤ ਸੰਬੰਧੀ ਸਹਾਇਤਾ ਲਈ ਜਾਣਕਾਰੀ ਵਾਸਤੇ ਮਿਹਰਬਾਨੀ ਕਰ ਕੇ ਹੈਲਥ ਸਪੋਰਟਸ ਗਾਈਡ ਦੇਖੋ ਜੋ ਹੇਠਲੇ ***ਵੈੱਬਲਿੰਕ*** ਤੋਂ ਪ੍ਰਾਪਤ ਹੋ ਸਕਦੀ ਹੈ।

### ***ਵੈੱਬਲਿੰਕਸ*** *(WEBLINKS)*

ਆਟਿਜ਼ਮ ਲਈ ਮਾਇਕ-ਸਹਾਇਤਾ ਵਾਸਤੇ ਅਰਜ਼ੀ ਫਾਰਮ:
www.mcf.gov.bc.ca/autism/forms.htm (ਅੰਗਰੇਜੀ)

***ਬੱਚਿਆਂ ਅਤੇ ਪਰਿਵਾਰ ਵਿਕਾਸ ਦਾ ਮੰਤਰਾਲਾ:*** *Health Supports for Children in Care and Youth Agreements:*
www.mcf.gov.bc.ca/foster/pdf/health_supports_cic.pdf (ਅੰਗਰੇਜੀ)

## ਅਪੀਲਾਂ ਜਾਂ ਸ਼ਿਕਾਇਤਾਂ

ਜੇ ਤੁਹਾਨੂੰ ਆਟਿਜ਼ਮ ਫੰਡਿੰਗ ਯੂਨਿਟ ਵੱਲੋਂ ਦਿਤੀ ਗਈ ਕਿਸੇ ਸੇਵਾ ਬਾਰੇ, ਜਾਂ ਆਟਿਜ਼ਮ ਲਈ ਮਾਇਕ ਸਹਾਇਤਾ ਬਾਰੇ ਕਿਸੇ ਫੈਸਲੇ ਬਾਰੇ ਤੌਖਲਾ ਹੈ ਤਾਂ ਆਟਿਜ਼ਮ ਫੰਡਿੰਗ ਯੂਨਿਟ ਨਾਲ਼ 1-877-777-3530 ਤੇ ਸੰਪਰਕ ਕਰੋ। ਜੇ ਤੁਹਾਡੀ ਸ਼ਿਕਾਇਤ ਦਾ ਹੱਲ ਨਹੀਂ ਹੁੰਦਾ ਤਾਂ ਆਟਿਜ਼ਮ ਫੰਡਿੰਗ ਯੂਨਟ ਦੇ ਮੈਨੇਜਰ ਨਾਲ਼ 1-877-777-3530 ਤੇ ਸੰਪਰਕ ਕਰੋ।

## ਰਾਜ਼ਦਾਰੀ ਅਤੇ ਤੁਹਾਡੀ ਭੇਤਦਾਰੀ

ਤੁਹਾਡੇ ਅਤੇ ਤੁਹਾਡੇ ਬੱਚੇ ਬਾਰੇ ਕੁੱਝ ਨਿੱਜੀ ਜਾਣਕਾਰੀ ਰੋਗ-ਪਛਾਣ ਤੇ ਚੋਣ ਦਾ ਫੈਸਲਾ ਕਰਨ ਵਾਸਤੇ ਅਤੇ ਜਾਰੀ ਸੇਵਾਵਾਂ ਪ੍ਰਦਾਨ ਕਰਨ ਵਾਸਤੇ ਚਾਹੀਦੀ ਹੁੰਦੀ ਹੈ। ਲੋੜੀਂਦੀ ਸਾਰੀ ਨਿੱਜੀ ਜਾਣਕਾਰੀ ਦਾ ਇਕੱਤਰ ਕੀਤਾ ਜਾਣਾ ਅਤੇ ਇਸ ਦਾ ਖੁਲਾਸਾ ਕਰਨਾ ਲਾਜ਼ਮੀ ਤੌਰ 'ਤੇ ਫਰੀਡਮ ਔਫ ਇਨਫ਼ਰਮੇਸ਼ਨ ਐਂਡ ਪ੍ਰੋਟੈਕਸ਼ਨ ਔਫ਼ ਪ੍ਰਾਈਵੇਸੀ ਐਕਟ (FOIPPA) ਅਧੀਨ ਹੋਣਾ ਚਾਹੀਦਾ ਹੈ।

### ***ਵੈੱਬਲਿੰਕ*** *(WEBLINK)*

ਫਰੀਡਮ ਔਫ਼ ਇਨਫਰਮੇਸ਼ਨ ਅਤੇ ਪ੍ਰੋਟੈਕਸ਼ਨ ਔਫ਼ ਪ੍ਰਾਈਵੇਸੀ ਐਕਟ:
www.qp.gov.bc.ca/statreg/stat/F/96165_00.htm (ਅੰਗਰੇਜੀ)

# ਮਾਪਿਆਂ ਲਈ ਸੁਝਾਅ

## ਮੇਰੇ ਬੱਚੇ ਨਾਲ ਕਿਸ-ਕਿਸ ਦਾ ਵਾਹ ਰਹੇਗਾ?

ਤੁਹਾਡੇ ਬੱਚੇ ਦੀਆਂ ਲੋੜਾਂ ਤੇ ਨਿਰਭਰ ਕਰਦੇ ਹੋਏ ਉਸਦੀ ਥੈਰਪੀ ਦੀ ਟੀਮ ਵਿੱਚ ਇਹ ਸ਼ਾਮਲ ਹੋ ਸਕਦੇ ਹਨ:

- ***ਬੀਹੇਵੀਅਰ ਕਨਸਲਟੈਂਟ (ਬੀ.ਸੀ.):*** ਜਾਂ ਵਿਵਹਾਰਕ ਸਲਾਹਕਾਰ: ਇਹ ਇਲਾਜ ਦੀ ਇੱਕ ਨਿੱਜੀ ਵਿਵਹਾਰਕ ਵਿਉਂਤ (ਬੀ.ਪੀ.ਆਈ.) ਅਤੇ ਵਿਵਹਾਰਕ ਸਹਾਇਤਾ ਵਿਉਂਤਾਂ ਦਾ ਡਿਜ਼ਾਇਨ/ਜਾਂ ਉਨ੍ਹਾਂ ਦਾ ਵਿਕਾਸ ਕਰਦਾ ਹੈ, ਅਤੇ ਵਿਉਂਤਾਂ ਦੇ ਲਾਗੂ ਕੀਤੇ ਜਾਣ ਦੌਰਾਨ ਲਗਾਤਾਰ ਨਿਗਰਾਨੀ ਰੱਖਦਾ ਹੈ।
- ***ਸਪੀਚ-ਲੈਂਗੁਏਜ ਪੈਥਾਲੋਜਿਸਟ (ਐਸ.ਐਲ.ਪੀ.):*** ਜਾਂ ਬੋਲਣ ਅਤੇ ਬੋਲੀ ਦੀ ਕਾਬਲੀਅਤ ਦੇ ਵਿਗਾੜਾਂ ਨਾਲ਼ ਸੰਬੰਧਤ ਮਾਹਿਰ: ਉਹ ਸੇਵਾਵਾਂ ਪ੍ਰਦਾਨ ਕਰਦਾ ਹੈ ਜੋ ਜ਼ੁਬਾਨੀ ਕਹੀ ਅਤੇ ਜ਼ੁਬਾਨੀ ਨਾ ਕਹੀ ਜਾ ਸਕਣ ਵਾਲੀ ਗੱਲਬਾਤ ਦੇ ਹੁਨਰਾਂ ਦਾ ਵਿਕਾਸ ਕਰਨ ਉਤੇ, ਅਤੇ ਖਾਣ-ਪੀਣ ਲਈ ਲੋੜੀਂਦੇ ਮੂੰਹ ਦੀਆਂ ਮਾਸ-ਪੇਸ਼ੀਆਂ ਦੇ ਹੁਨਰਾਂ ਉਤੇ ਕੇਂਦ੍ਰਿਤ ਹੁੰਦੀਆਂ ਹਨ।
- ***ਆਕੂਪੇਸ਼ਨਲ ਥੈਰਪਿਸਟ (ਓ.ਟੀ.):*** ਜਾਂ ਪੇਸ਼ਾ ਚਿਕਿਤਸਕ: ਬੱਚੇ ਦੀਆਂ ਸਾਰੀਆਂ ਰੋਜ਼ਾਨਾ ਸਰਗਰਮੀਆਂ ਵਿੱਚ ਬੱਚਾ ਜਿੰਨਾ ਵੱਧ ਤੋਂ ਵੱਧ ਭਾਗ ਲੈ ਸਕਦਾ ਹੈ, ਉਸ ਪੱਧਰ ਤੇ ਪਹੁੰਚਣ ਵਾਸਤੇ ਵਿਕਾਸ ਲਈ ਸੇਵਾਵਾਂ ਪ੍ਰਦਾਨ ਕਰਦਾ ਹੈ।
- ***ਫਿਜ਼ੀਓਥੈਰਪਿਸਟ (ਪੀ.ਟੀ.):*** ਜੋ ਅਜਿਹੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ ਜੋ ਸਰੀਰਕ ਹਰਕਤ ਦੇ ਨੁਕਸਾਂ ਦੀ ਰੋਕਥਾਮ, ਸ਼ਨਾਖਤ ਅਤੇ ਉਨ੍ਹਾਂ ਨੂੰ ਦੂਰ ਕਰਨ ਤੇ ਕੇਂਦਰਤ ਹੁੰਦੀਆਂ ਹਨ।
- ***ਵਿਵਹਾਰਕ ਇਲਾਜ ਕਰਨ ਵਾਲਾ/ਵਾਲੇ (ਬੀ.ਆਈ.):*** ਬੀਹੇਵੀਅਰ ਕਨਸਲਟੈਂਟ ਦੀ ਨਿਗਰਾਨੀ ਹੇਠ, ਆਮ ਤੌਰ ਤੇ ਇਕ-ਨਾਲ-ਇਕ ਦੇ ਆਧਾਰ ਤੇ, ਬੀ.ਪੀ.ਆਈ. ਨੂੰ ਲਾਗੂ ਕਰਦਾ ਹੈ।

ਜਦੋਂ ਕਿਸੇ ਪ੍ਰਫ਼ੈਸ਼ਨਲ ਨੂੰ ਸੇਵਾ ਲਈ ਰੱਖਣਾ ਹੋਵੇ ਤਾਂ ਕਿਸੇ ਅਜਿਹੇ ਨੂੰ ਕਰੋ ਜਿਸਦੀ ਸਿਖਲਾਈ, ਤਜਰਬਾ ਅਤੇ ਪਹੁੰਚ ਤੁਹਾਡੇ ਬੱਚੇ ਅਤੇ ਪਰਵਿਾਰ ਦੀਆਂ ਲੋੜਾਂ ਤੇ ਖੂਬੀਆਂ ਅਨੁਸਾਰ ਹੋਵੇ।

ਇਸ ਸਮਝ ਲਵੋ ਕਿ ਤੁਹਾਡੇ ਬੱਚੇ ਦੀ ਟੀਮ ਵਿਚਲਾ ਹਰ ਜਣਾ ਕੀ ਕਰੇਗਾ, ਤੁਹਾਡੇ ਬੱਚੇ ਅਤੇ ਤੁਹਾਡੇ ਨਾਲ ਉਹ ਕਿੰਨਾ ਸਮਾਂ ਬਿਤਾ ਸਕਣਗੇ, ਅਤੇ ਉਹ ਆਪਣੀਆਂ ਸੇਵਾਵਾਂ ਲਈ ਕਿੰਨੀ ਫੀਸ ਲੈਂਦੇ ਹਨ। ਜਿਨ੍ਹਾਂ ਮਾਹਰਾਂ ਨੂੰ ਤੁਸੀਂ ਸੇਵਾ ਲਈ ਰੱਖਦੇ ਹੋ ਉਨ੍ਹਾਂ ਨਾਲ ਤੁਹਾਡਾ ਲਿਖਤੀ ਇਕਰਾਰਨਾਮਾ ਹੋਣਾ ਚਾਹੀਦਾ ਹੈ। ਤੁਹਾਡੇ ਬੱਚੇ ਨਾਲ ਕੰਮ ਕਰਨ ਲਈ ਮਾਹਰ ਚੁਣਨ ਵਾਸਤੇ ਜਾਣਕਾਰੀ ਏ.ਸੀ.ਟੀ.-ਆਟਿਜ਼ਮ ਕਮਿਊਨਿਟੀ ਟ੍ਰੇਨਿੰਗ (ACT –Autism Community Training) ਕੋਲੋਂ ਮਿਲ਼ ਸਕਦੀ ਹੈ।

## ਵੈੱਬਲਿੰਕਸ (WEBLINKS)

ਆਟਿਜ਼ਮ ਦੀਆਂ ਸੇਵਾਵਾਂ ਦੇਣ ਵਾਲਿਆਂ (ਆਰ.ਏ.ਐਸ.ਪੀ.) ਦੀ ਰਜਿਸਟਰੀ ਲਈ ਏ.ਸੀ.ਟੀ. – ਆਟਿਜ਼ਮ ਕਮਿਊਨਿਟੀ ਟ੍ਰੇਨਿੰਗ ਅਤੇ ਮਾਹਰਾਂ ਨੂੰ ਕੰਮ 'ਤੇ ਰੱਖਣ ਲਈ ਜਾਣਕਾਰੀ: www.actcommunity.net (ਅੰਗਰੇਜ਼ੀ)

ਦਾ ਬ੍ਰਿਟਿਸ਼ ਕੋਲੰਬੀਆ ਐਸੋਸੀਏਸ਼ਨ ਔਫ਼ ਸਪੀਚ-ਲੈਂਗੁਏਜ ਪਥਾਲੋਜਿਸਟਸ ਐਂਡ ਆਡੀਆਲੋਜਿਸਟਸ: www.bcaslpa.ca (ਅੰਗਰੇਜ਼ੀ)

ਦਾ ਕੌਲਿਜ ਔਫ਼ ਆਕੂਪੇਸ਼ਨਲ ਥੈਰਪਿਸਟਸ ਔਫ਼ ਬ੍ਰਿਟਿਸ਼ ਕੋਲੰਬੀਆ: www.cotbc.org (ਅੰਗਰੇਜ਼ੀ)

ਕੋਲੰਬੀਆ ਸੋਸਾਇਟੀ ਔਫ਼ ਆਕੂਪੇਸ਼ਨਲ ਥੈਰਪਿਸਟਸ: www.bcsot.org (ਅੰਗਰੇਜ਼ੀ)

ਕੌਲਿਜ ਔਫ਼ ਫ਼ਿਜ਼ੀਕਲ ਥੈਰਪਿਸਟਸ ਔਫ਼ ਬੀ.ਸੀ.: www.cptbc.org (ਅੰਗਰੇਜ਼ੀ)

ਫ਼ਿਜ਼ੀਓਥੈਰਪੀ ਐਸੋਸੀਏਸ਼ਨ ਔਫ਼ ਬੀ.ਸੀ.: www.bcphysio.org (ਅੰਗਰੇਜ਼ੀ)



## ਸੇਵਾਵਾਂ ਉੱਤੇ ਮੈਂ ਕਿੰਨਾ ਕੁ ਖ਼ਰਚ ਹੋਣ ਦੀ ਉਮੀਦ ਕਰਾਂ?

ਫੀਸਾਂ ਤੈਅ ਕਰਨ ਵਿੱਚ ਤੁਹਾਨੂੰ ਅਤੇ ਸੇਵਾ ਪ੍ਰਦਾਨੀਆਂ ਦੀ ਸਹਾਇਤਾ ਲਈ ਪੀਲੇ ਬੌਕਸ ਵਿੱਚ ਸੇਧਾਂ ਦਿੱਤੀਆਂ ਗਈਆਂ ਹਨ। ਇਹ ਸੇਧਾਂ ਮਾਹਰਾਂ ਨਾਲ ਵਿਚਾਰ ਵਟਾਂਦਰਾ ਕਰ ਕੇ ਅਤੇ ਪ੍ਰੋਫ਼ੈਸ਼ਨਲ ਜੱਥੇਬੰਦੀਆਂ ਵੱਲੋਂ ਤਿਆਰ ਕੀਤੀਆਂ ਮੌਜੂਦਾ ਸੇਧਾਂ 'ਤੇ ਮੁੜਵਿਚਾਰ ਕਰ ਕੇ ਬਣਾਈਆਂ ਸਨ। ਭਾਵੇਂ ਮਾਹਰਾਂ ਵੱਲੋਂ ਲਈਆਂ ਜਾਂਦੀਆਂ ਫੀਸਾਂ ਕਈ ਤੱਤਾਂ ਤੋਂ ਪ੍ਰਭਾਵਤ ਹੋ ਸਕਦੀਆਂ ਹਨ, ਫੇਰ ਵੀ ਤੁਸੀਂ ਇਹ ਸਮਝ ਸਕਦੇ ਹੋ ਕਿ ਫੀਸਾਂ ਦੇ ਰੇਟ ਅਤੇ ਮਾਹਰ ਦੀ ਯੋਗਤਾ, ਵਿਦਿਆ ਅਤੇ ਤਜਰਬੇ ਵਿੱਚ ਸੰਬੰਧ ਹੋਵੇਗਾ।



## ਫੀਸਾਂ ਸੰਬੰਧੀ ਸੇਧਾਂ

**ਬੀ.ਸੀ.:** $60 - $100 ਪ੍ਰਤੀ ਘੰਟਾ (ਰਜਿਸਟਰਸ਼ੁਦਾ ਮਨੋਵਿਗਿਆਨੀਆਂ ਲਈ: $150/ਘੰਟਾ ਤੱਕ)

**ਓ.ਟੀ.:** $80 - $110 ਪ੍ਰਤੀ ਘੰਟਾ

**ਐਸ.ਐਲ.ਪੀ.:** $95 - $120 ਪ੍ਰਤੀ ਘੰਟਾ

**ਪੀ.ਟੀ.:** $64-74 ਪ੍ਰਤੀ ਫੇਰੀ

**ਬੀ.ਆਈ.:** $10 - $30 ਪ੍ਰਤੀ ਘੰਟਾ $ ਤੋਂ ਲੈ ਕੇ $15 ਤੋਂ 20 ਪ੍ਰਤੀ ਘੰਟਾ ਆਮ ਪ੍ਰਚਲਤ ਹੈ।

ਸੇਵਾ ਪ੍ਰਦਾਨੀਆਂ ਦੇ ਰੇਟ ਇਨ੍ਹਾਂ ਸੇਧਾਂ ਤੋਂ ਵੱਖਰੇ ਹੋ ਸਕਦੇ ਹਨ

## ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੇਰੇ ਬੱਚੇ ਦੇ ਵਿਗਾੜ ਦਾ ਸਹੀ ਇਲਾਜ ਹੋ ਰਿਹਾ ਹੈ?

ਐਮ.ਸੀ.ਐਫ.ਡੀ. ਦੀ ਇਹ ਸ਼ਰਤ ਹੈ ਕਿ ਛੇ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਇਲਾਜ ਅਤੇ ਪ੍ਰੋਗਰਾਮ "ਉੱਤਮ ਅਮਲਾਂ" ਤੇ ਆਧਾਰਿਤ ਹੋਣ। ਉੱਤਮ ਅਮਲ ਉਨ੍ਹਾਂ ਇਲਾਜਾਂ ਅਤੇ ਢੰਗਾਂ ਨੂੰ ਕਿਹਾ ਜਾਂਦਾ ਹੈ ਜਿਹੜੇ ਪ੍ਰਮਾਣਾਂ ਤੇ ਆਧਾਰਿਤ ਹੋਣ ਅਤੇ ਅਸਰਦਾਇਕ ਸਾਬਤ ਹੋ ਚੁੱਕੇ ਹੋਣ। ਛੇ ਸਾਲ ਤੋਂ ਵਡੀ ਉਮਰ ਦੇ ਬੱਚਿਆਂ ਲਈ ਵੀ ਇਨ੍ਹਾਂ ਨੂੰ ਵਰਤਿਆ ਜਾਣਾ ਚਾਹੀਦਾ ਹੈ।

### ਆਟਿਜ਼ਮ ਇਲਾਜ ਲਈ ਉੱਤਮ ਅਮਲ

- ਇਲਾਜ ਦੀ ਇੱਕ ਨਿੱਜੀ ਵਿਵਹਾਰਕ ਵਿਉਂਤ ਦਾ ਵਿਕਾਸ ਜੋ ਇਨ੍ਹਾਂ ਗੱਲਾਂ ਤੇ ਜ਼ੋਰ ਦੇਣ ਵਾਲ਼ੇ ਪਾਠਕ੍ਰਮ ਤੇ ਆਧਾਰਿਤ ਹੋਵੇ: ਅਕਾਦਮਿਕ, ਗੱਲ-ਬਾਤ, ਸਮਾਜਿਕ/ਖੇਡ ਹੁਨਰ, ਭਾਵਕ/ਸਵੈ-ਨਿਯਮਿਤ, ਮੋਟਰ/ਸੰਵੇਦਨ ਕਾਰਜਸ਼ੀਲਤਾ, ਸੁਤੰਤਰਤਾ/ਜੀਵਨ ਹੁਨਰ
- ਸਾਰਾ ਸਾਲ ਘਰ ਵਿਖੇ, ਪ੍ਰੀ-ਸਕੂਲ ਪ੍ਰੋਗਰਾਮਾਂ ਵਿਚ, ਅਤੇ ਕਮਿਊਨਿਟੀ ਵਿੱਚ ਅਲੱਗ-ਅਲੱਗ ਤਰ੍ਹਾਂ ਦੇ ਮਾਹੌਲ ਵਿੱਚ ਇੱਕ ਰੋਗੀ ਦਾ ਇੱਕ ਇਲਾਜ ਕਰਨ ਵਾਲ਼ੇ ਵੱਲੋਂ ਤੀਬਰ ਇਲਾਜ
- ਪ੍ਰੇਸ਼ੀਨਗੋਈ ਅਤੇ ਰੁਟੀਨ ਉਚੇ ਪੱਧਰ ਤੇ ਹੋਣ
- ਅਤਿ ਸਹਾਇਕ, ਮਾਹੌਲ ਮੁਤਾਬਕ ਢਾਲ਼ੀ ਗਈ ਸਿੱਖਿਆ (structured teaching) ਦਾ ਤਰੀਕਾ, ਜੋ ਅਪਲਾਈਡ ਬਿਹੇਵੀਅਰ ਅਨੈਲਸਿਜ਼ (ABA) ਉਤੇ ਆਧਾਰਿਤ ਹੋਵੇ, ਜੋ ਤੁਹਾਡੇ ਬੱਚੇ ਨੂੰ ਨਵੇਂ ਹੁਨਰ ਪ੍ਰਾਪਤ ਕਰਨ, ਉਨ੍ਹਾਂ ਦੇ ਸਾਧਾਰਣ ਨੇਮ ਬਣਾਉਣ ਅਤੇ ਹੁਨਰਾਂ ਨੂੰ ਕਾਇਮ ਰੱਖਣ ਵਿੱਚ ਸਹਾਇਤਾ ਕਰਨ
- ਇਲਾਜ ਇੱਕ "ਨਿਸ਼ਚਤ ਅਤੇ ਮਾਹੌਲ ਮੁਤਾਬਕ ਢਾਲ਼ੇ ਇਲਾਜ" ਤੋਂ ਜ਼ਿਆਦਾ ਕੁਦਰਤੀ ਮਾਹੌਲ ਵੱਲ ਵਧਦਾ ਹੈ
- ਸਮੱਸਿਆ-ਗ੍ਰਸਤ ਵਿਵਹਾਰਾਂ ਨਾਲ ਨਜਿੱਠਣ ਲਈ ਕਾਰਜਾਤਮਕ (ਫੰਕਸ਼ਨਲ) ਮੁਲਾਂਕਣ ਅਤੇ ਵਿਵਹਾਰਕ ਸਹਾਇਤਾ ਦੇ ਉਸਾਰੂ ਢੰਗਾਂ ਦੀ ਵਰਤੋਂ
- ਵਿਵਹਾਰਕ ਸਲਾਹਕਾਰ ਅਤੇ ਥੈਰਪਿਸਟਾਂ, ਜਿਵੇਂ ਸਪੀਚ-ਲੈਂਗੁਏਜ ਪਥਾਲੋਜੀ, ਆਕੂਪੇਸ਼ਨਲ ਥੈਰਪੀ ਅਤੇ ਸਰੀਰਕ ਥੈਰਪੀ, ਵਿਚਕਾਰ ਸਹਿਯੋਗ
- ਪ੍ਰੀ-ਸਕੂਲ ਜਾਂ ਡੇ-ਕੇਅਰ ਦੇ ਵਾਤਾਵਰਣ ਵਿੱਚ ਆਮ ਬੱਚਿਆਂ ਨਾਲ ਮੇਲਜੋਲ
- ਇਲਾਜ ਦੀਆਂ ਵਿਉਂਤਾਂ ਵਿੱਚ ਪਰਿਵਾਰ ਉਨ੍ਹਾਂ ਨੂੰ ਪ੍ਰਫੁਲਤ ਕਰਨ, ਲਾਗੂ ਕਰਨ, ਅਤੇ ਮੁੜਵਿਚਾਰ ਕਰਨ ਵਿੱਚ ਹਿੱਸਾ ਲੈਂਦੇ ਹਨ ਅਤੇ ਆਪਣੇ ਬੱਚੇ ਦੀ ਉਨਤੀ ਵਿੱਚ ਸਹਾਇਤਾ ਕਰਨ ਲਈ ਸਿਖਲਾਈ ਲੈਂਦੇ ਹਨ

- ਪ੍ਰੀ-ਸਕੂਲ ਤੋਂ ਕਿੰਡਰਗਾਰਡਨ ਵਿੱਚ ਤਬਦੀਲੀ ਲਈ ਸੁਚੇਤ ਤੌਰ ਤੇ ਵਿਉਂਤ ਕਰਨਾ
- ਇਲਾਜ ਕਰਨ ਵਾਲੇ ਸਿਖਲਾਈ-ਪ੍ਰਾਪਤ ਹੁੰਦੇ ਹਨ
- ਬੱਚੇ ਦੀ ਉਨਤੀ ਦੀ ਬਾਕਾਇਦਾ ਤੇ ਨਾਲੋ ਨਾਲ ਪੈਰਵੀ

ਹੇਠ ਲਿਖੀਆਂ ਪ੍ਰਕਾਸ਼ਨਾਵਾਂ ਤੋਂ ਅਪਣਾਇਆ ਗਿਆ: Dawson, G. & Osterling, J. (1997). *Early Intervention in Autism*. In M.J. Guralnick (Ed.), *The Effectiveness of Early Intervention* (pp. 307-326). Baltimore: Paul H. Brookes.

Lovaas, OI. *Teaching Individuals with Developmental Delays.* Austin, TX: Pro-Ed.

National Research Council (2001). Educating Children with Autism. Committee on Educational Interventions for Children with Autism, Division of Behavioral and Social Sciences and Education. Washington, DC: National Academy Press.

ਜਦੋਂ ਤੁਸੀਂ ਆਪਣੇ ਬੱਚੇ ਲਈ ਇਲਾਜ ਦਾ ਤਰੀਕਾ ਚੁਣੋਂ ਤਾਂ ਸੇਵਾ ਪ੍ਰਦਾਨੀ ਨੂੰ ਪੁਛੋ:

- ਕੀ ਕੋਈ ਅਜਿਹੀ ਖੋਜ ਹੈ ਜੋ ਇਹ ਦਰਸਾਉਂਦੀ ਹੈ ਕਿ ਇਹ ਇਲਾਜ ਅਸਰਦਾਇਕ ਹੈ, ਜੇ ਹੈ ਤਾਂ ਇਹ ਕਿਹੋ ਜਿਹੀ ਖੋਜ ਹੈ?
- ਇਹ ਇਲਾਜ ਮੇਰੇ ਬੱਚੇ ਨੂੰ ਚੰਗੀ ਤਰ੍ਹਾਂ ਕਾਰਜਸ਼ੀਲ ਬਣਨ ਵਿੱਚ ਕਿਵੇਂ ਸਹਾਇਤਾ ਕਰੇਗਾ?
- ਮੇਰੇ ਬੱਚੇ ਦੀ ਉਨਤੀ ਕਿਸ ਤਰ੍ਹਾਂ ਮਾਪੀ ਜਾਵੇਗੀ?
- ਮਾਪ ਕਿਹੜੇ ਹੋਣਗੇ ਤੇ ਕਿੰਨੇ ਸਮੇਂ ਪਿਛੋਂ ਵਰਤੇ ਜਾਣਗੇ?
- ਪ੍ਰੋਗਰਾਮ ਨੂੰ ਮੇਰੇ ਬੱਚੇ ਦੀ ਉਨਤੀ ਅਨੁਸਾਰ ਕਿਸ ਢਾਲ਼ਿਆ ਜਾਵੇਗਾ?

Jack, M., Ady, J. *A Guide to Choosing Interventions for Children with Autism Spectrum Disorders*. Alberta Centre For Child, Family & Community Research, 2006 ਤੋਂ ਅਪਣਾਇਆ ਗਿਆ।

ਆਪਣੇ ਬੱਚੇ ਨਾਲ ਕੰਮ ਕਰਨ ਲਈ ਕਿਸੇ ਮਾਹਰ ਨੂੰ ਚੁਣਨ ਲਈ ਜਾਣਕਾਰੀ ਏ.ਸੀ.ਟੀ. - ਆਟਿਜ਼ਮ ਕਮਿਊਨਿਟੀ ਟ੍ਰੇਨਿੰਗ (ਸਾਹਮਣੇ **ਵੈਬਲਿੰਕ** ਦੇਖੋ) ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।



### ਵੈੱਬਲਿੰਕ (WEBLINK)

ਏ.ਸੀ.ਟੀ. - ਆਟਿਜ਼ਮ ਕਮਿਊਨਿਟੀ ਟ੍ਰੇਨਿੰਗ:
www.actcommunity.net/AI/Treatment/SelectPro.htm
(ਅੰਗਰੇਜ਼ੀ)



## *ਇਲਾਜ ਦੀ ਵਿਵਹਾਰਕ ਵਿਉਂਤ (ਬੀ.ਪੀ.ਆਈ.) ਕੀ ਹੈ?*

ਇਲਾਜ ਦੀ ਵਿਵਹਾਰਕ ਵਿਉਂਤ (ਬੀ.ਪੀ.ਆਈ.) ਕਿਸੇ ਵਿਸ਼ੇਸ਼ ਬੱਚੇ ਲਈ ਡਿਜ਼ਾਈਨ ਕੀਤਾ ਇੱਕ ਜ਼ਾਤੀ ਪ੍ਰੋਗਰਾਮ ਹੈ ਜੋ ਉਨ੍ਹਾਂ ਗੱਲਾਂ ਦੀ ਸ਼ਨਾਖਤ ਕਰਨ ਤੇ ਕੇਂਦ੍ਰਿਤ ਹੁੰਦਾ ਹੈ ਜਿਨ੍ਹਾਂ ਲਈ ਬੱਚੇ ਨੂੰ ਇਲਾਜ ਦੀ ਲੋੜ ਹੋਵੇ। ਇਸ ਨੂੰ ਬੱਚੇ ਦੇ ਮਾਪਿਆਂ ਦੀ ਮਿਲਵਰਤਣ ਨਾਲ ਇੱਕ ਵਿਵਹਾਰਕ ਸਲਾਹਕਾਰ ਵੱਲੋਂ ਤਿਆਰ ਕੀਤਾ ਅਤੇ ਲਿਖਿਆ ਜਾਂਦਾ ਹੈ ਅਤੇ ਇਸ ਵਿੱਚ ਉਨ੍ਹਾਂ ਮਾਹਰਾਂ ਦੀ ਰਾਇ ਵੀ ਸ਼ਾਮਲ ਕੀਤੀ ਜਾਂਦੀ ਹੈ ਜੋ ਬੱਚੇ ਦੀ ਟੀਮ ਦੇ ਮੈਂਬਰ ਹੁੰਦੇ ਹਨ (ਮਿਸਾਲ ਵਜੋਂ ਸਪੀਚ-ਲੈਂਗੁਏਜ ਪਥਾਲੋਜਿਸਟ, ਆਕੁਪੇਸ਼ਨਲ ਥੈਰਪਿਸਟ)।

ਬੱਚੇ ਲਈ ਅਸਰਦਾਇਕ ਅਤੇ ਉਚਿਤ ਇਲਾਜ ਤਿਆਰ ਕਰਨ ਲਈ ਇੱਕ ਬੀ.ਪੀ.ਆਈ. ਦੀ ਲੋੜ ਪੈਂਦੀ ਹੈ। ਮੁਢਲਾ ਬੀ.ਪੀ.ਆਈ. ਇੱਕ ਬੁਨਿਆਦ ਵੀ ਤੈਅ ਕਰਦਾ ਹੈ ਜਿਸ ਨਾਲ਼ ਤੁਲਨਾ ਕਰ ਕੇ ਬੱਚੇ ਦੀ ਤਰੱਕੀ ਦਾ ਅਤੇ ਕੀਤੇ ਜਾਣ ਵਾਲ਼ੇ ਬਾਕੀ ਇਲਾਜ ਦਾ ਵੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਇਹ ਇੱਕ ਰਾਹ-ਦਰਸਾਊ ਨਕ਼ਸ਼ਾ ਹੈ ਜੋ ਦਸਦਾ ਹੈ ਕਿ ਇਲਾਜ ਕਿਵੇਂ ਉਨਤੀ ਕਰੇਗਾ। ਬਾਕਾਇਦਾ ਮੁੜਵਿਚਾਰ ਕਰਨ ਨਾਲ ਵਿਉਂਤ ਬੱਚੇ ਦੀ ਉਨਤੀ ਮਾਪਦੀ ਹੈ। ਇਹ ਜ਼ਰੂਰੀ ਹੈ ਕਿ ਮਾਪੇ ਵਿਉਂਤਬੰਦੀ ਅਤੇ ਮੁੜ-ਵਿਚਾਰ ਵਿੱਚ ਸ਼ਾਮਲ ਹੋਣ।

ਛੇ ਸਾਲ ਤੋਂ ਘੱਟ ਉਮਰ ਲਈ ਬੀ.ਪੀ.ਆਈ. ਦੀ ਲੋੜ ਹੈ। ਛੇ ਸਾਲ ਤੋਂ ਵਡੇ ਬੱਚਿਆਂ ਲਈ ਭਾਵੇਂ ਬੀ.ਪੀ.ਆਈ. ਦੀ ਲੋੜ ਨਹੀਂ, ਇਸ ਗੱਲ ਦੀ ਸਿਫਾਰ਼ਸ਼ ਕੀਤੀ ਜਾਂਦੀ ਹੈ ਕਿ ਇਲਾਜ ਹਮ਼ੇਸ਼ਾ ਉਸ ਵਿਉਂਤ ਅਨੁਸਾਰ ਚੱਲੇ ਜਿਸ 'ਤੇ ਮੁੜਵਿਚਾਰ ਬਾਕਾਇਦਾ ਹੁੰਦਾ ਰਹੇ।

### *ਇਲਾਜ ਦੀ ਵਿਵਹਾਰਕ ਵਿਉਂਤ (ਬੀ.ਪੀ.ਆਈ.) ਲਈ ਚਾਹੀਦਾ ਹੈ ਕਿ ਉਹ:*

- ਉੱਤਮ ਅਮਲਾਂ ਦੇ ਢਾਂਚੇ ਦੀ ਹੱਦ ਅੰਦਰ ਹੀ ਪੂਰੀ ਕੀਤੀ ਜਾਵੇ।
- ਅਜਿਹੇ ਵਿਕਾਸਮਈ ਪਾਠਕ੍ਰਮ ਤੇ ਆਧਾਰਿਤ ਹੋਵੇ ਜਿਸ ਵਿੱਚ ਸ਼ਾਮਲ ਹੋਣ: ਵਿਕਾਸ ਦੇ ਸਾਰੇ ਖੇਤਰਾਂ ਲਈ ਵਿਆਪਕ ਆਸ਼ੇ ਮਿਥਣਾ (ਅਕਾਦਮਿਕ, ਗੱਲ-ਬਾਤ, ਸਮਾਜਿਕ ਹੁਨਰ/ਖੇਡ ਹੁਨਰ, ਮੋਟਰ/ਸੰਵੇਦੀ ਕਾਰਜਸ਼ੀਲਤਾ ਅਤੇ ਸੁਤੰਤਰਤਾ/ਜੀਵਨ ਹੁਨਰ)
- ਵਿਆਪਕ ਆਸ਼ਿਆਂ ਵਿਚਕਾਰ ਵਿਸ਼ੇਸ਼ ਆਸ਼ਿਆਂ ਦੀ ਸ਼ਨਾਖਤ ਕਰਨੀ
- ਜਦੋਂ ਵੀ ਢੁਕਵਾਂ ਹੋਵੇ, ਟੀਮ ਦੇ ਹਿਸੇ ਵਜੋਂ ਕੰਮ ਕਰਨ ਵਾਲ਼ੇ ਖਾਸ ਮਾਹਿਰਾਂ ਦੀ ਰਾਇ ਸ਼ਾਮਲ ਕਰਨੀ
- ਹਰ ਆਸ਼ੇ ਦੀ ਪੂਰਤੀ ਲਈ ਪੜ੍ਹਾਉਣ ਦੀਆਂ ਵਿਸ਼ੇਸ਼ ਨੀਤੀਆਂ ਜਾਂ ਢੰਗਾਂ ਦੀ ਸ਼ਨਾਖਤ ਕਰਨੀ
- ਬੱਚੇ ਦੀ ਉਨਤੀ ਦੀ ਨਿਗਰਾਨੀ ਲਈ ਅੰਕੜੇ ਇਕੱਤਰ ਕਰਨ ਵਾਸਤੇ ਵਰਤੇ ਜਾਂਦੇ ਮੌਜੂਦਾ ਢੰਗ ਵਰਤੋ ਅਤੇ ਇਸ ਜਾਣਕਾਰੀ ਤੇ ਆਧਾਰਿਤ ਬੱਚੇ ਦੇ ਪ੍ਰੋਗਰਾਮ ਵਿੱਚ ਫੇਰ-ਬਦਲ ਕਰੋ
- ਚੁਣੌਤੀ ਵਾਲੇ ਵਿਵਹਾਰ ਲਈ ਕਾਰਜਾਤਮਕ ਪਹੁੰਚ ਅਪਣਾਓ
- ਮਿਲਵਰਤਣ, ਗੱਲਬਾਤ ਦੀ ਕਾਬਲੀਅਤ, ਅਤੇ ਜਵਾਬਦੇਹੀ ਯਕੀਨੀ ਬਣਾਉਣ ਲਈ ਤੈਅ ਕਰੋ ਕਿ ਕਿਹੜੇ ਟੀਮ ਮੈਂਬਰ ਜ਼ਿੰਮੇਵਾਰ ਹੋਣਗੇ (ਉਨ੍ਹਾਂ ਦੀ ਸੰਪਰਕ ਜਾਣਕਾਰੀ ਰੱਖੋ) ਅਤੇ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਤੈਅ ਕਰੋ
- ਬੱਚੇ ਦੀਆਂ ਜ਼ਾਤੀ ਲੋੜਾਂ (ਜਿਵੇਂ, ਕੁੱਝ ਬੱਚਿਆਂ ਲਈ ਮਹੀਨਾਵਾਰ ਮੁੜਵਿਚਾਰ ਦੀ ਲੋੜ ਹੋ ਸਕਦੀ ਹੈ) ਦੇ ਆਧਾਰ ਤੇ ਵਿਉਂਤ 'ਤੇ ਬਾਕਾਇਦਾ ਮੁੜਵਿਚਾਰ ਅਤੇ ਸੁਧਾਈ ਲਈ ਤਾਰੀਖਾਂ ਲਿਖ ਲਓ
- ਵੱਖਰੇ-ਵੱਖਰੇ ਵਾਤਾਵਰਣਾਂ ਤੋਂ ਪ੍ਰਾਪਤ ਕੀਤੇ ਹੁਨਰਾਂ ਦੇ ਨੇਮ ਬਣਾਉਣ ਲਈ ਅਤੇ ਉਨ੍ਹਾਂ ਨੂੰ ਕਾਇਮ ਰੱਖਣ ਲਈ ਨੀਤੀਆਂ ਸ਼ਾਮਲ ਕਰੋ ਅਤੇ ਯਕੀਨੀ ਬਣਾਓ ਕਿ ਇਨ੍ਹਾਂ ਵੱਲ ਬਾਕਾਇਦਾ ਧਿਆਨ ਦਿਤਾ ਜਾਵੇ, ਇਨ੍ਹਾਂ ਦੀ ਪੈਰਵੀ ਕੀਤੀ ਜਾਵੇ, ਅਤੇ ਇਨਾਂ ਨੂੰ ਸੋਧਿਆ ਜਾਂਦਾ ਰਹੇ

ਇਲਾਜ ਦੀ ਇੱਕ ਵਿਵਹਾਰਕ ਵਿਉਂਤ (ਬੀ.ਪੀ.ਆਈ.) ਦਾ ਨਮੂਨਾ ਦੇਖਣ ਲਈ ਪੰਨਾ 27 ਦੇਖੋ

# ਸਾਡੇ ਨਾ.ਲ ਸੰਪਰਕ ਕਰੋ (ਸੇਵਾ ਸਿਰਫ਼ ਅੰਗਰੇਜੀ ਵਿੱਚ ਉਪਲਬਧ ਹੈ)

ਅਸੀਂ ਤੁਹਾਡੀ ਸਹਾਇਤਾ ਲਈ, ਅਤੇ ਇਹ ਯਕੀਨੀ ਬਣਾਉਣ ਲਈ ਹਾਜ਼ਰ ਹਾਂ ਕਿ ਤੁਹਾਨੂੰ ਸਹੀ ਅਤੇ ਮਦਦਗਾਰ ਜਾਣਕਾਰੀ ਮਿਲੇ।

***ਆਟਿਜ਼ਮ ਫੰਡਿੰਗ ਯੂਨਿਟ*** (ਆਟਿਜ਼ਮ ਲਈ ਮਾਇਕ ਸਹਾਇਤਾ ਦੇਣ ਵਾਲੀ ਯੂਨਿਟ)

ਇਹ ਯੂਨਿਟ ਮਾਇਕ ਸਹਾਇਤਾ ਦੇ ਇਕਰਾਰਨਾਮੇ ਤੇ ਕਾਰਵਾਈ ਕਰਨ ਲਈ, ਪਰਿਵਾਰਾਂ ਅਤੇ ਸੇਵਾ ਪ੍ਰਦਾਨੀਆਂ ਨੂੰ ਪੈਸੇ ਦੇਣ ਲਈ, ਅਤੇ ਆਰਥਕ ਸਮਝੌਤੇ ਕਰਵਾਉਣ ਲਈ ਜ਼ਿੰਮੇਵਾਰ ਹੈ।

ਯੋਗ ਖਰਚ ਅਤੇ ਮਾਇਕ ਸਹਾਇਤਾ ਦੇ ਇਕਰਾਰਨਾਮਿਆਂ ਨਾਲ ਸੰਬੰਧਿਤ ਮਾਪਿਆਂ ਦੀਆਂ ਜ਼ਿੰਮੇਵਾਰੀਆਂ ਬਰੇ ਪੁੱਛਗਿਛ ਲਈ:

| | |
|---|---|
| ਵਿਕਟੋਰੀਆ ਵਿੱਚ ਫ਼ੋਨ: | 250 387-3530 |
| ਟੌਲ-ਫ਼੍ਰੀ: | 1 877 777-3530 (ਅਨੁਵਾਦ ਦੀਆਂ ਸੇਵਾਵਾਂ ਮਿਲਦੀਆਂ ਹਨ) |
| ਫ਼ੈਕਸ: | 250 356-8578 |
| ਵੈੱਬਸਾਈਟ: | www.mcf.gov.bc.ca/autism/index.htm(ਅੰਗਰੇਜੀ) |
| ਈ-ਮੇਲ: | MCF.AutismFundingUnit@gov.bc.ca |
| ਡਾਕ: | Autism Funding Unit<br>P.O. Box 9776<br>Victoria, B.C. V8W 9S5 |

***ਸਰਵਿਸ ਬੀ.ਸੀ.***

ਸਰਵਿਸ ਬੀ.ਸੀ. ਸਾਰੇ ਸੂਬਾਈ ਪ੍ਰੋਗਰਾਮਾਂ ਅਤੇ ਸੇਵਾਵਾਂ ਲਈ ਜਾਣਕਾਰੀ ਅਤੇ ਰੈਫਰਲ ਸੇਵਾਵਾਂ ਪ੍ਰਦਾਨ ਕਰਦੀ ਹੈ ਅਤੇ ਮੰਤਰਾਲੇ ਦੇ ਸਥਾਨਕ ਦਫ਼ਤਰਾਂ ਦੀ ਸੰਪਰਕ ਜਾਣਕਾਰੀ ਵੀ ਪ੍ਰਦਾਨ ਕਰ ਸਕਦੀ ਹੈ

| | |
|---|---|
| ਵਿਕਟੋਰੀਆ ਵਿੱਚ ਫ਼ੋਨ: | 250 387-6121 |
| ਵੈਨਕੂਵਰ ਵਿੱਚ ਫ਼ੋਨ: | 604 660-2421 |
| ਬੀ.ਸੀ. ਵਿੱਚ ਹੋਰ ਥਾਵਾਂ ਤੇ ਫ਼ੋਨ: | 1 800 663-7867 |

# ਅੰਤਿਕਾ 1: ਬੀ.ਸੀ. ਵਿੱਚ ਸੇਵਾਵਾਂ ਅਤੇ ਆਟਿਜ਼ਮ ਦੀਆਂ ਜੱਥੇਬੰਦੀਆਂ

***ਏ.ਸੀ.ਟੀ. (ਐਕਟ) – ਆਟਿਜ਼ਮ ਕਮਿਊਨਿਟੀ ਟ੍ਰੇਨਿੰਗ ਸੋਸਾਇਟੀ***

ਇਹ ਇੱਕ ਮੁਨਾਫਾ-ਰਹਿਤ ਸੁਸਾਇਟੀ ਹੈ ਜੋ ਇੱਕ ਵਿਆਪਕ ਦਾਇਰੇ ਵਿਚਲੇ ਆਟਿਜ਼ਮ ਨਾਲ ਸੰਬੰਧਿਤ ਵਿਸ਼ਿਆਂ ਉਤੇ ਜਾਣਕਾਰੀ ਅਤੇ ਸਿਖਲਾਈ ਪ੍ਰਦਾਨ ਕਰਦੀ ਹੈ। ਐਕਟ, ਮੰਤਰਾਲੇ ਲਈ ਆਟਿਜ਼ਮ ਦੇ ਸੇਵਾ ਪ੍ਰਦਾਨੀਆਂ ਦੀ ਰਜਿਸਟਰੀ ਵੀ ਕਾਇਮ ਰਖਦੀ ਹੈ।

ਟੈਲੀਫ਼ੋਨ: 604 205-5467

ਟੌਲ-ਫ੍ਰੀ: 1 866 939-5188

ਈ-ਮੇਲ: info@actcommunity.net

ਵੈੱਬਸਾਈਟ: www.actcommunity.net (ਅੰਗਰੇਜੀ)

***ਦੀ ਆਟਿਜ਼ਮ ਸੋਸਾਇਟੀ ਔਫ ਬੀ.ਸੀ.***

ਮਾਪਿਆਂ ਤੇ ਆਧਾਰਿਤ ਅਤੇ ਉਨ੍ਹਾਂ ਵੱਲੋਂ ਨਿਰਦੇਸ਼ਤ ਇੱਕ ਸੋਸਾਇਟੀ ਜੋ ਬੀ.ਸੀ. ਅਤੇ ਯੁਕਾਨ ਵਿੱਚ ਆਟਿਜ਼ਮ ਵਿਗਾੜ ਵਾਲੇ ਵਿਅਕਤੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਹਾਇਤਾ ਪ੍ਰਦਾਨ ਕਰਦੀ ਹੈ।

ਟੈਲੀਫ਼ੋਨ: 604 434-0880

ਟੌਲ-ਫ੍ਰੀ: 1 888 437-0880

ਈ-ਮੇਲ: administrator@autismbc.ca

ਵੈੱਬਸਾਈਟ: www.autismbc.ca (ਅੰਗਰੇਜੀ)

***ਬੀ.ਸੀ. ਆਟਿਜ਼ਮ ਅਸੈੱਸਮੈਂਟ ਨੈੱਟਵਰਕ (ਬੀ.ਸੀ.ਏ.ਏ.ਐਨ) – ਪ੍ਰੋਵਿੰਸ਼ਲ ਹੈਲਥ ਸਰਵਿਸਿਜ਼ ਆਥਾਰਿਟੀ***

ਉਨ੍ਹਾਂ ਬੱਚਿਆਂ ਲਈ ਮੁਲਾਂਕਣ/ਰੋਗ-ਪਛਾਣ ਵਾਸਤੇ ਜਾਣਕਾਰੀ, ਜਿਹਨਾ ਨੂੰ ਸੰਭਵ ਹੈ ਆਟਿਜ਼ਮ ਵਿਗਾੜ ਹੋਵੇ।

ਟੈਲੀਫ਼ੋਨ: 604 453-8343

ਈ-ਮੇਲ: autism@phsa.ca

ਵੈੱਬਸਾਈਟ: www.phsa.ca/AgenciesAndServices/Services/Autism/default.htm (ਅੰਗਰੇਜੀ)

***ਕੈਨੇਡਾ ਰੈਵਨਿਊ ਏਜੰਸੀ***

ਕੈਨੇਡਾ ਰੈਵਨਿਊ ਏਜੰਸੀ ਕੋਲ ਜ਼ਾਤੀ ਇਨਕਮ ਟੈਕਸ ਦੀ ਪੁੱਛਗਿੱਛ ਲਈ ਜਾਣਕਾਰੀ ਹੈ ਅਤੇ ਓਹਨਾਂ ਵਿਸ਼ੇਸ਼ ਸੇਵਾਵਾਂ ਤੇ ਵਿਸ਼ਿਆਂ ਉਤੇ ਜਾਣਕਾਰੀ ਵੀ ਹੈ ਜਿਹੜੀ ਅਯੋਗਤਾਵਾਂ ਵਾਲੇ ਵਿਅਕਤੀਆਂ ਲਈ ਦਿਲਚਸਪੀ ਵਾਲੀ ਹੋ ਸਕਦੀ ਹੈ।

ਟੌਲ-ਫ੍ਰੀ: 1 800 959-8281

ਵੈੱਬਸਾਈਟ: www.cra-arc.gc.ca/disability (ਅੰਗਰੇਜੀ)

***ਮਨਿਸਟਰੀ ਔਫ਼ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ***

ਮਨਿਸਟਰੀ ਉਨ੍ਹਾਂ ਬੱਚਿਆਂ, ਯੁਵਕਾਂ, ਅਤੇ ਬਾਲਗਾਂ ਲਈ ਸੇਵਾਵਾਂ ਅਤੇ ਵਿਉਂਤਬੰਦੀ ਕਰਨ ਲਈ ਸਹਾਇਤਾ ਦਿੰਦੀ ਹੈ ਜਿਨ੍ਹਾਂ 'ਚ ਵਿਕਾਸ ਦੀਆਂ ਅਯੋਗਤਾਵਾਂ ਹੋਣ ਅਤੇ ਉਨ੍ਹਾਂ ਬੱਚਿਆਂ ਤੇ ਯੁਵਕਾਂ ਵਾਸਤੇ ਵੀ ਜਿਨ੍ਹਾਂ ਵਿੱਚ ਆਟਿਜ਼ਮ ਸਪੈਕਟ੍ਰੱਮ ਡਿਸਆਰਡਰ ਦੀ ਰੋਗ-ਪਛਾਣ ਹੋ ਚੁੱਕੀ ਹੋਵੇ ਜਾਂ ਜਿਹੜੇ ਐਟ ਹੋਮ ਪ੍ਰੋਗਰਾਮ (ਗੰਭੀਰ ਅਯੋਗਤਾਵਾਂ ਵਾਲੇ ਬੱਚੇ) ਲਈ ਚੁਣੇ ਜਾਣ ਦੇ ਯੋਗ ਹੋਣ।

ਵੈੱਬਸਾਈਟ: www.mcf.gov.bc.ca/autism/index.htm (ਅੰਗਰੇਜੀ)

***ਫੈਮਲੀਜ਼ ਫਾਰ ਅਰਲੀ ਆਟਿਜ਼ਮ ਟਰੀਟਮੈਂਟ ਔਫ ਬ੍ਰਿਟਿਸ਼ ਕੋਲੰਬੀਆ (ਫੀਟ ਔਫ ਬੀ.ਸੀ.)***

ਉਹਨਾ ਮਾਪਿਆਂ ਤੇ ਸੰਬੰਧਿਤ ਮਾਹਰਾਂ ਲਈ ਜਾਣਕਾਰੀ ਜੋ ਇਸ ਆਸ਼ੇ ਨਾਲ ਕੰਮ ਕਰ ਰਹੇ ਹਨ ਕਿ ਆਟਿਜ਼ਮ ਦੇ ਅਸਰਦਾਇਕ ਇਲਾਜ ਲਈ ਸਭ ਦੀ ਪਹੁੰਚ ਹੋਵੇ।

ਈ-ਮੇਲ: info@featbc.org

ਵੈੱਬਸਾਈਟ: www.featbc.org (ਅੰਗਰੇਜੀ)

***ਫੈਮਿਲੀ ਸਪੋਰਟ ਇੰਸਟੀਚਯੂਟ***

ਪਰਿਵਾਰਾਂ ਵੱਲੋਂ ਨਿਰਦੇਸ਼ਤ ਕੀਤੀ ਜਾਣ ਵਾਲੀ ਇੱਕ ਅਜਿਹੀ ਜੱਥੇਬੰਦੀ ਜੋ ਪਰਿਵਾਰਾਂ ਅਤੇ ਉਹਨਾ ਦੀਆਂ ਕਮਿਊਨਿਟੀਆਂ ਦੀ ਸਹਾਇਤਾ ਲਈ, ਜਾਣਕਾਰੀ, ਸਿਖਲਾਈ ਅਤੇ ਸੂਬੇ ਭਰ ਵਿੱਚ ਨੈੱਟਵਰਕਿੰਗ ਪ੍ਰਦਾਨ ਕਰਦੀ ਹੈ

ਟੈਲੀਫ਼ੋਨ: 604 540-8374

ਈ-ਮੇਲ: fsi@bcacl.org

ਵੈੱਬਸਾਈਟ: www.familysupportbc.com (ਅੰਗਰੇਜੀ)

### ਦਾ ਨਾਲਜ ਨੈੱਟਵਰਕ

ਆਟਿਜ਼ਮ ਅਤੇ ਉਸਦੇ ਇਲਾਜ ਦਾ ਤਰੀਕਾ ਚੁਣਨ ਲਈ ਬੀ.ਸੀ. ਵਿੱਚ ਮਿਲਦੀ ਜਾਣਕਾਰੀ ਪ੍ਰਦਾਨ ਕਰਦੀ ਹੈ।

ਵੈੱਬਸਾਈਟ: www.knowledgenetwork.ca/autism/index.html (ਅੰਗਰੇਜੀ)

### ਮਨਿਸਟਰੀ ਔਫ਼ ਚਿਲਡਰਨ ਐਂਡ ਫ਼ੈਮਿਲੀ ਡਿਵੈਲਪਮੈਂਟ ਚਿਲਡਰਨ ਐਂਡ ਯੂਥ ਵਿਦ ਸਪ੍ਰੈਸ਼ਲ ਨੀਡਜ਼

ਆਟਿਜ਼ਮ ਲਈ ਮਾਇਕ ਸਹਾਇਤਾ ਅਤੇ ਪ੍ਰੋਗਰਾਮਾਂ ਦੀ ਜਾਣਕਾਰੀ:
ਵੈੱਬਸਾਈਟ: www.mcf.gov.bc.ca/autism/index.htm (ਅੰਗਰੇਜੀ)

ਬੱਚਿਆਂ ਅਤੇ ਵਿਸ਼ੇਸ਼ ਲੋੜਾਂ ਵਾਲੇ ਬਾਲਗਾਂ ਲਈ ਹੋਰ ਪ੍ਰੋਗਰਾਮਾਂ ਬਾਰੇ ਜਾਣਕਾਰੀ:
ਵੈੱਬਸਾਈਟ: www.mcf.gov.bc.ca/spec_needs/index.htm (ਅੰਗਰੇਜੀ)

### ਮਿਨਿਸਟਰੀ ਔਫ ਐਜੁਕ੍ਰੇਸ਼ਨ ਸਪ੍ਰੈਸ਼ਲ ਐਜੁਕ੍ਰੇਸ਼ਨ: ਆਟਿਜ਼ਮ

ਵਿਸ਼ੇਸ਼ ਵਿਦਿਅਕ ਅਤੇ ਆਟਿਜ਼ਮ ਦੇ ਆਰੰਭਕ ਪ੍ਰੋਗਰਾਮਾਂ ਬਾਰੇ ਜਾਣਕਾਰੀ।

ਵੈੱਬਸਾਈਟ: www.bced.gov.bc.ca/specialed/sped_res_docs.htm (ਅੰਗਰੇਜੀ)

### ਮਨਿਸਟੀ ਔਫ਼ ਹੈਲਥ ਸਰਵਿਸਿਜ਼ (ਸਿਹਤ ਮੰਤਰਾਲਾ)

ਸਬੂਤ-ਆਧਾਰਿਤ ਰੀਪੋਰਟ ਹਾਸਲ ਕਰ ਸਕਣ ਦੀ ਕਾਬਲੀਅਤ: ਸਟੈਂਡਰਡਜ਼ ਐਂਡ ਗਾਈਡਲਾਈਨਜ਼ ਫਾਰ ਅਸੈੱਸਮੈਂਟ ਐਂਡ ਡਾਇਗਨੋਸਿਸ ਔਫ਼ ਯੰਗ ਚਿਲਡਰਨ ਵਿਦ ਆਟਿਜ਼ਮ ਸਪੈਕਟ੍ਰਮ ਡਿਸਆਰਡਰ ਇਨ ਬੀ.ਸੀ.।

ਟੈਲੀਫ਼ੋਨ: 250 952-1742, ਟੌਲ-ਫ਼੍ਰੀ: 1 800 465-4911

ਵੈੱਬਸਾਈਟ: www.health.gov.bc.ca/library/publications/year/2003/asd_standards_0318.pdf (ਅੰਗਰੇਜੀ)

### ਪ੍ਰੋਵਿੰਸ਼ਲ ਆਊਟਰੀਚ ਪ੍ਰੋਗਰਾਮ ਫਾਰ ਆਟਿਜ਼ਮ ਐਂਡ ਰੀਲੇਟਡ ਡਿਸਆਰਡਰਜ਼ (ਪੀ.ਓ.ਪੀ.ਏ.ਆਰ.ਡੀ.)

ਟੀਚਰਾਂ, ਮਾਪਿਆਂ ਅਤੇ ਪੈਰਾ-ਪ੍ਰੋਫ਼ੈਸ਼ਨਲ ਲੋਕਾਂ ਦੀ ਸਹਾਇਤਾ ਲਈ ਇੱਕ ਵਿਦਿਅਕ ਜੱਥੇਬੰਦੀ ਜਿਸ ਰਾਹੀਂ ਆਟਿਜ਼ਮ ਬਾਰੇ ਜਾਣਕਾਰੀ ਅਤੇ

ਵੈੱਬਸਾਈਟ: www.autismoutreach.ca (ਅੰਗਰੇਜੀ)



### ਐਸ.ਈ.ਟੀ.-ਬੀ.ਸੀ.

ਸਕੂਲਾਂ ਦੇ ਮਾਹੌਲ ਵਿੱਚ ਵਰਤੀ ਜਾਂਦੀ ਸਹਾਇਕ ਤਕਨਾਲੋਜੀ ਲਈ ਸਿਖਲਾਈ ਅਤੇ ਸ੍ਰੋਤ ਮੁਹੱਈਆ ਕਰਦੀ ਹੈ।

ਟੈਲੀਫ਼ੋਨ: 604 261-9450

ਵੈੱਬਸਾਈਟ: www.setbc.org (ਅੰਗਰੇਜੀ)

# ਅੰਤਿਕਾ 2: ਇਲਾਜ ਦੀ ਵਿਵਹਾਰਕ ਵਿਉਂਤ

## (6 ਸਾਲ ਤੋਂ ਛੋਟੇ ਬੱਚਿਆਂ ਲਈ ਜ਼ਰੂਰੀ)



| ਬੱਚੇ ਦਾ ਨਾਮ: | | ਬੱਚੇ ਦੀ ਜਨਮ ਤਾਰੀਖ: |
|---|---|---|
| ਮਾਪਾ (ਮਾਪੇ) /ਸਰਪ੍ਰਸਤ (ਸਰਪ੍ਰਸਤਾਂ) ਦੇ ਨਾਮ: | ਅੱਜ ਦੀ ਤਾਰੀਖ: | ਮੁੜਵਿਚਾਰ ਦੀ ਤਾਰੀਖ/ ਸੋਧ ਦੀ ਵਿਉਂਤ: |

## ਮਾਹਰ ਜੋ ਬੱਚੇ ਦੇ ਪ੍ਰੋਗਰਾਮ ਵਿੱਚ ਹਿੱਸਾ ਲੈ ਰਹੇ ਹਨ

| ਪਦਵੀ | ਨਾਮ | ਫਰਜ਼ ਅਤੇ ਜ਼ਿੰਮੇਵਾਰੀਆਂ | ਸੰਪਰਕ ਜਾਣਕਾਰੀ |
|---|---|---|---|
| ਬੀਹੇਵੀਅਰ ਕਨਸਲਟੈਂਟ | | | |
| ਆਕੁਪ੍ਰੇਸ਼ਨਲ ਥੈਰਪਿਸਟ | | | |
| ਫਿਜ਼ੀਓਥੈਰਪਿਸਟ | | | |
| ਸਪੀਚ ਲੈਂਗੁਏਜ ਪੈਥਾਲੋਜਿਸਟ | | | |
| ਸਪੋਰਟਡ ਚਾਈਲਡ ਡਿਵੈਲਪਮੈਂਟ ਕਨਸਲਟੈਂਟ | | | |
| ਸਪੋਰਟਡ ਚਾਈਲਡ ਡਿਵੈਲਪਮੈਂਟ ਵਰਕਰ | | | |
| ਪ੍ਰੀ-ਸਕੂਲ/ਡੇਕੇਅਰ ਸੁਪਰਵਾਇਜ਼ਰ | | | |
| ਬੀਹੇਵੀਅਰ ਇੰਟਰਵੈਂਸ਼ਨਿਸਟ | | | |
| ਹੋਰ | | | |

## ਪਰਿਵਾਰਕ ਆਸ਼ੇ:

1. ______________________________

2. ______________________________

3. ______________________________

4. ______________________________

5. ______________________________

ਹੇਠਾਂ ਦਿਤੀ ਸੂਚੀ ਅਜਿਹੇ ਖੇਤਰਾਂ ਦੀ ਹੈ ਜਿਨ੍ਹਾਂ ਉਤੇ ਇਲਾਜ ਦੀ ਵਿਵਹਾਰਕ ਵਿਉਂਤ ਅਨੁਸਾਰ ਕੰਮ ਕੀਤੇ ਜਾਣ ਦੀ ਲੋੜ ਹੈ। ਜਿਹੜੇ ਪਰਿਵਾਰ ਦੇ ਜੀਅ, ਅਤੇ ਮਾਹਰ ਬੱਚੇ ਦੀ ਇਲਾਜ ਟੀਮ ਦੇ ਮੈਂਬਰ ਹਨ ਉਨ੍ਹਾਂ ਦੀ ਮਿਲਵਰਣ ਨਾਲ, ਇਨ੍ਹਾਂ ਗੱਲਾਂ ਦੀ ਸ਼ਨਾਖਤ ਕਰੋ: ਵਿਸ਼ੇਸ਼ ਨਿਸ਼ਾਨੇ/ਉਦੇਸ਼, ਸਿਖਿਆ ਦੇਣ ਦੀਆਂ ਵਿਧੀਆਂ, ਮਾਪੇ ਜਾ ਸਕਣ ਵਾਲੇ ਸਿੱਟੇ/ਮੁਹਾਰਤ ਹਾਸਲ ਕਰਨ ਦੀ ਕਸੌਟੀ, ਅਤੇ ਇਹ ਉਦੇਸ਼ ਪਰਿਵਾਰ ਦੇ ਕਿਸ ਨਿਸ਼ਾਨੇ ਦੀ ਪੂਰਤੀ ਲਈ ਮਿਥਿਆ ਗਿਆ ਹੈ।

| **ਖੇਤਰ (ਡੋਮੇਨ)** | **ਵਿਸ਼ੇਸ਼ ਨਿਸ਼ਾਨੇ/ਉਦੇਸ਼** | **ਸਿਖਿਆ ਦੇਣ ਦੀਆਂ ਵਿਧੀਆਂ** | **ਮਾਪੇ ਜਾ ਸਕਣ ਵਾਲੇ ਸਿੱਟੇ/ਮੁਹਾਰਤ ਹਾਸਲ ਕਰਨ ਦੀ ਕਸੌਟੀ** | **ਪਰਿਵਾਰਕ ਨਿਸ਼ਾਨਾ** |
|---|---|---|---|---|
| *ਸਮਾਜਿਕ ਹੁਨਰ* | | | | |
| | | | | |
| | | | | |
| | | | | |
| *ਖੇਡਾਂ ਦੇ ਹੁਨਰ* | | | | |
| | | | | |
| | | | | |
| | | | | |
| *ਸੰਚਾਰ* | | | | |
| | | | | |
| | | | | |
| | | | | |
| *ਭਾਵੁਕ ਕਾਰਜਸ਼ੀਲਤਾ/ਸਵੈ-ਨਿਯਮ-ਬੱਧਤਾ* | | | | |
| | | | | |
| | | | | |
| | | | | |
| *ਅਕਾਦਮਿਕਤਾ/ ਬੌਧਿਕ ਗਿਆਨ* | | | | |
| | | | | |
| | | | | |
| | | | | |
| *ਮਾਸਪ੍ਰੇਸ਼ੀਆਂ ਦੀ ਬਾਰੀਕ ਜਾਂ ਕੁੱਲ / ਸੰਵੇਦਨ ਕਾਰਜਸ਼ੀਲਤਾ* | | | | |
| | | | | |
| | | | | |
| | | | | |
| *ਜੀਵਨ ਦੇ ਹੁਨਰ* | | | | |
| | | | | |
| | | | | |
| | | | | |

ਵਿਵਹਾਰਕ ਸਲਾਹਕਾਰ (ਕਿਰਪਾ ਕਰ ਕੇ ਸਾਫ-ਸਾਫ ਲਿਖੋ) ਵਿਵਹਾਰਕ ਸਲਾਹਕਾਰ ਦੇ ਦਸਤਖਤ

*(ਦਸਤਖਤ ਕਰਦਿਆਂ ਮੈਂ ਤਸਦੀਕ ਕਰਦਾ/ਕਰਦੀ ਹਾਂ ਕਿ ਮੈਂ ਬੱਚੇ ਦੇ ਹੁਨਰਾਂ ਦਾ ਪੱਧਰ ਜਾਂਚ ਲਿਆ ਹੈ ਅਤੇ ਮੈਂ ਉਸ ਦੇ ਪ੍ਰੋਗਰਾਮ ਦੀ ਨਿਗਰਾਨੀ ਕਰਾਂਗਾ/ਕਰਾਂਗੀ)*

ਮਾਤਾ/ਪਿਤਾ (ਕਿਰਪਾ ਕਰ ਕੇ ਸਾਫ-ਸਾਫ ਲਿਖੋ) ਮਾਤਾ/ਪਿਤਾ ਦੇ ਦਸਤਖਤ

*(ਦਸਤਖਤ ਕਰਦਿਆਂ ਮੈਂ ਤਸਦੀਕ ਕਰਦੀ/ਕਰਦਾ ਹਾਂ ਕਿ ਇਲਾਜ ਦੀ ਵਿਵਹਾਰਕ ਵਿਉਂਤ ਮੇਰੇ ਪਰਿਵਾਰ ਅਤੇ ਬੱਚੇ ਦੀਆਂ ਲੋੜਾਂ ਅਨੁਸਾਰ ਹੈ)*

# ਅੰਤਿਕਾ 3: ਆਟਿਜ਼ਮ ਲਈ ਮਾਇਕ ਸਹਾਇਤਾ – ਯੋਗ ਖਰਚਿਆਂ ਦਾ ਸੰਖੇਪ ਵੇਰਵਾ

***ਆਟਿਜ਼ਮ ਲਈ ਮਾਇਕ ਸਹਾਇਤਾ: 6 ਸਾਲ ਤੋਂ ਘੱਟ ਉਮਰ ਵਾਲਿਆਂ ਲਈ ਕੇਵਲ ਹੇਠ ਲਿਖੀਆਂ ਗੱਲਾਂ ਵਾਸਤੇ ਵਰਤੀ ਜਾ ਸਕਦੀ ਹੈ:***

- ਉਨ੍ਹਾਂ ਵਿਵਹਾਰਕ ਸਲਾਹਕਾਰਾਂ, ਬੋਲ ਸਕਣ ਦੀ ਅਤੇ ਬੋਲੀ ਦੀ ਕਾਬਲੀਅਤ ਦੇ ਮਾਹਰਾਂ, ਆਕੁਪ੍ਰੇਸ਼ਨਲ ਥੈਰਪਿਸਟਾਂ, ਅਤੇ ਫਿਜ਼ੀਓਥੈਰਪਿਸਟਾਂ ਦੀਆਂ ਸੇਵਾਵਾਂ ਲਈ ਜੋ ਆਟਿਜ਼ਮ ਦੇ ਸੇਵਾ ਪ੍ਰਦਾਨੀਆਂ ਦੀ ਰਜਿਸਟੀ (ਆਰ.ਏ.ਐਸ.ਪੀ.) ਵਿੱਚ ਇਸ ਵੈੱਬਸਾਈਟ ਤੇ ਸ਼ਾਮਲ ਹੋਣ: www.actcommunity.net/
- ਵਿਵਹਾਰਕ ਇਲਾਜ ਕਰਨ ਵਾਲੇ
- ਪ੍ਰਬੰਧਕੀ ਖਰਚ ($100 ਪ੍ਰਤੀ ਮਹੀਨਾ)।
- ਨੌਕਰੀ ਨਾਲ ਸੰਬੰਧਿਤ ਉਚਿਤ ਖਰਚ (ਮਿਸਾਲ ਵਜੋਂ, ਇੰਪਲਾਈ ਇਨਕਮ ਟੈਕਸ, ਕੈਨੇਡਾ ਪੈਨਸ਼ਨ ਵਿਉਂਤ, ਇੰਪਲੋਇਮੈਂਟ ਇਨਸ਼ੋਰੈਂਸ ਅਤੇ ਵਰਕਰਜ਼ ਕੰਪਨਸੇਸ਼ਨ ਬੋਰਡ ਦੀਆਂ ਕਿਸ਼ਤਾਂ, ਚਾਰ ਫ਼ੀਸਦੀ ਛੁੱਟੀ ਦੀ ਤਨਖਾਹ)।

***ਆਟਿਜ਼ਮ ਲਈ ਮਾਇਕ ਸਹਾਇਤਾ: ਉਮਰ 6-18 ਸਾਲ ਹੈ ਤਾਂ ਕੇਵਲ ਹੇਠ ਲਿਖਿਆਂ ਵਾਸਤੇ ਵਰਤੀ ਜਾ ਸਕਦੀ ਹੈ:***

- ਵਿਵਹਾਰਕ ਸਲਾਹਕਾਰ
- ਬੋਲ ਸਕਣ ਦੀ ਅਤੇ ਬੋਲੀ ਦੀ ਕਾਬਲੀਅਤ ਦੇ ਮਾਹਰ, ਆਕੁਪ੍ਰੇਸ਼ਨਲ ਥੈਰਪਿਸਟ, ਫਿਜ਼ੀਓਥੈਰਪਿਸਟ
- ਵਿਵਹਾਰਕ ਇਲਾਜ ਕਰਨ ਵਾਲੇ
- ਜੀਵਨ ਹੁਨਰ ਅਤੇ ਸਮਾਜਿਕ ਹੁਨਰ ਪ੍ਰੋਗਰਾਮ
- ਸਕੂਲ-ਤੋ-ਬਾਹਰ ਸਹਾਇਤਾ/ਨਿੱਜੀ ਅਧਿਆਪਕ (ਆਮ ਸਕੂਲ ਪ੍ਰਗਰਾਮ ਦਾ ਭਾਗ ਨਹੀਂ)
- ਖਾਸ ਇਲਾਜ 'ਤੇ ਕੇਂਦ੍ਰਿਤ ਸਰਗਰਮੀਆਂ ਅਤੇ ਤੁਹਾਡੇ ਬੱਚੇ ਦੀ ਏ.ਐਸ.ਡੀ. ਮੁਤਾਬਕ ਵਿਉਂਤੇ ਕੈਂਪ
- ਕਿਸੇ ਰਜਿਸਟਰੁਸ਼ੁਦਾ ਭੋਜਨ/ਖੁਰਾਕ ਮਾਹਰ ਤੋਂ ਭੋਜਨ ਜਾਂ ਖੁਰਾਕ ਬਾਰੇ ਸਲਾਹ-ਮੁਸ਼ਵਰਾ
- ਪਰਿਵਾਰਕ ਕਾਉਂਸਲਿੰਗ/ਥੈਰਪੀ
- ਪ੍ਰੋਫੈਸਨਲ/ਸਪੈਸ਼ਲਿਸਟ ਵੱਲੋਂ ਦੱਸੇ ਹੋਰ ਇਲਾਜ – ਅਗੇਤੀ ਪ੍ਰਵਾਨਗੀ ਦੀ ਸਲਾਹ ਦਿਤੀ ਜਾਂਦੀ ਹੈ
- ਪ੍ਰਬੰਧਕੀ ਖਰਚੇ ($50 ਪ੍ਰਤੀ ਮਹੀਨਾ)
- ਰੋਜ਼ਗਾਰਦਾਤਾ ਉੱਤੇ ਲਾਗੂ ਹੋਣ ਵਾਲ਼ੇ ਖਰਚ (ਮਿਸਾਲ ਵਜੋਂ, ਇੰਪਲਾਈ ਇਨਕਮ ਟੈਕਸ, ਕੈਨੇਡਾ ਪੈਨਸ਼ਨ ਪਲੈਨ, ਇੰਪਲੋਇਮੈਂਟ ਇਨਸ਼ੋਰੈਂਸ ਅਤੇ ਵਰਕਰਜ਼ ਕੰਪਨਸੇਸ਼ਨ ਬੋਰਡ ਦੀਆਂ ਕਿਸ਼ਤਾਂ, ਚਾਰ ਫੀਸਦੀ ਛੁੱਟੀ ਦੀ ਤਨਖਾਹ)।

***ਆਟਿਜ਼ਮ ਲਈ ਮਾਇਕ ਮਦਦ ਦੇ ਦੋਵੇਂ ਤਰੀਕਿਆਂ ਦਾ 20 ਫੀਸਦੀ ਤੱਕ: 6 ਸਾਲ ਤੋਂ ਘੱਟ ਅਤੇ ਆਟਿਜ਼ਮ ਫੰਡਿੰਗ: 6-18 ਹੇਠ ਲਿਖੇ ਕਾਰਜਾਂ ਲਈ ਵਰਤਿਆ ਜਾ ਸਕਦਾ ਹੈ:***

- ਬੀ.ਸੀ. ਦੇ ਵਿਚ-ਵਿਚ ਸਿਖਲਾਈ
- ਆਟਿਜ਼ਮ ਇਲਾਜ ਜਾਂ ਬੀ.ਸੀ. ਵਿੱਚ ਟ੍ਰੇਨਿੰਗ ਲਈ ਸਫਰ ਦੇ ਖਰਚੇ (ਜੇ ਆਉਣ-ਜਾਣ ਦਾ ਸਫਰ 80 ਕਿਲੋਮੀਟਰਾਂ ਤੋਂ ਵੱਧ ਹੋਵੇ)
- ਠੀਕ ਇਲਾਜ ਲਈ ਲੋੜੀਂਦਾ ਸਾਜ਼ੋ-ਸਾਮਾਨ ਜਿਸਨੂੰ ਕਿਸੇ ਪ੍ਰੋਫ਼ੈਸ਼ਨਲ/ਸਪੈਸ਼ਲਿਸਟ ਨੇ ਜਸਟੀਫੀਕ੍ਰੇਸ਼ਨ ਫਾਰ ਇਕਵਿਪਮੈਂਟ/ ਸਪਲਾਈਜ਼ ਫਾਰਮ ਵਿੱਚ ਭਰਿਆ ਹੋਵੇ।

***ਮਿਹਰਬਾਨੀ ਕਰ ਕੇ ਨੋਟ ਕਰੋ:*** ਮਾਹਿਰ ਜਾਂ ਪ੍ਰੋਫ਼ੈਸ਼ਨਲ/ਸਪੈਸ਼ਲਿਟ ਦਾ ਮਤਲਬ ਹੈ ਕੋਈ ਵਿਵਹਾਰਕ ਸਲਾਹਕਾਰ, ਫਿਜ਼ੀਓਥੈਰਪਿਸਟ, ਸਪੀਚ-ਲੈਂਗੁਏਜ ਪੈਥਾਲੋਜਿਸਟ, ਬੱਚਿਆਂ ਦਾ ਡਾਕਟਰ ਜਾਂ ਪੀਡੀਆਟ੍ਰੀਸ਼ੀਅਨ, ਮਨੋਚਿਕਿਤਸਕ ਜਾਂ ਸਾਈਕਾਇਟ੍ਰਿਸਟ, ਰਜਿਸਟਰਡ ਮਨੋਵਗਿਆਨੀ ਜਾਂ ਸਾਈਕਾਲੋਜਿਸਟ, ਰਜਿਸਟਰੁਸ਼ੁਦਾ ਮਨੋਵਿਗਿਆਨਕ ਸਹਾਇਕ ਜਾਂ ਸਾਈਕੋਲਾਜੀਕਲ ਐਸੋਸੀਏਟ, ਦਿਮਾਗੀ ਮਾਹਿਰ ਜਾਂ ਨਿਊਰਾਲੋਜਿਸਟ, ਅਤੇ ਜਾਂ ਕਿੱਤਾ-ਮੁਖੀ ਮਾਹਿਰ ਜਾਂ ਆਕੁਪ੍ਰੇਸ਼ਨਲ ਥੈਰਪਿਸਟ।

***ਵਧੇਰੇ ਜਾਣਕਾਰੀ ਲਈ ਕਾਲ ਕਰੋ: 1-877-777-3530***

# ਅੰਤਿਕਾ 4: ਆਟਿਜ਼ਮ ਲਈ ਮਾਇਕ ਸਹਾਇਤਾ – ਅਯੋਗ ਖਰਚਿਆਂ ਦਾ ਸੰਖੇਪ ਵੇਰਵਾ



***ਮਿਹਰਬਾਨੀ ਕਰ ਕੇ ਨੋਟ ਕਰੋ:*** ਕਿਸੇ ਪ੍ਰੋਫ਼ੈਸ਼ਨਲ/ਸਪੈਸ਼ਲਿਸਟ ਵੱਲੋਂ ਦੱਸੇ ਗਏ ਕੁੱਝ ਇਲਾਜ ਅਤੇ ਸਾਜ਼ੋ-ਸਾਮਾਨ ਅਯੋਗ ਖਰਚੇ ਹਨ। ਹੇਠਾਂ ਉਨ੍ਹਾਂ ਚੀਜ਼ਾਂ ਦੀਆਂ ਮਿਸਾਲਾਂ ਹਨ ਜਿਨ੍ਹਾਂ ਦੇ ਖਰਚੇ ਅਯੋਗ ਹਨ:

- ਘਰ ਦੀਆਂ ਮੁਰੰਮਤਾਂ, ਸੋਧ, ਸਵਿਮਿੰਗ ਪੂਲ, ਹਾਟ ਟੱਬ, ਟ੍ਰੈਂਪੋਲੀਨਾਂ, ਖੇਡ-ਮੈਦਾਨ ਦਾ ਸਾਮਾਨ
- ਘਰ ਦੀਆਂ ਚੀਜ਼ਾ, ਸਮੇਤ ਉਪਕਰਣਾਂ ਦੇ
- ਆਮ ਦਿਲ ਪ੍ਰਚਾਵੇ ਅਤੇ ਖੇਡ-ਸਥਾਨਾਂ ਵਿੱਚ ਦਾਖਲੇ ਦੀਆਂ ਫੀਸਾਂ
- ਖੇਡਾਂ/ ਤੰਦਰੁਸਤੀ ਦਾ ਸਾਜ਼ੋ-ਸਾਮਾਨ, ਜਿਸ ਵਿੱਚ ਸਾਈਕਲ ਵੀ ਸ਼ਾਮਲ ਹਨ
- ਇਲੈਕਟ੍ਰਾਨਿਕਸ, ਜਿਨ੍ਹਾਂ ਵਿੱਚ ਟੈਲੀਵਿਯਨ, ਸੀਡੀ ਪਲੇਅਰ, ਸਟੇਰੀਓ, ਐਮ.ਪੀ.3 ਪਲੇਅਰ, ਗੇਮ ਸਿਸਟਮ, ਵਿਡੀਓ ਗੇਮਾਂ, ਟ੍ਰੈਕਿੰਗ ਸਾਜ਼ੋ-ਸਾਮਾਨ, ਅਤੇ ਸੈਲੂਲਰ ਫ਼ੋਨ/ਪਾਮ ਪਾਇਲਟ ਸ਼ਾਮਲ ਹਨ।
- ਏ.ਐਸ.ਡੀ. ਦੀ ਵਰਤੋਂ ਤੋਂ ਬਾਹਰੀ ਵਿਸ਼ੇਸ਼ ਸੀ.ਡੀ., ਡੀਵੀਡੀ ਅਤੇ ਵਿਡੀਓ ਡਿਸਕਾਂ
- ਸੰਗੀਤ ਦੇ ਸਾਜ਼ (ਖਰੀਦੇ ਜਾਂ ਕਿਰਾਏ ਤੇ ਲਏ)
- ਵਿਟਾਮਿਨ, ਡਾਕਟਰੀ ਸਮੱਗਰੀ, ਬੇਮੁਹਾਰਾ ਮਲਮੂਤਰ ਰੋਕਣ ਵਾਲੀ ਸਮੱਗਰੀ, ਜੋੜਾਂ ਦੇ ਸਾਜ਼ੋ-ਸਾਮਾਨ ਦੀ ਵਰਤੋਂ
- ਕੱਪੜੇ, ਹੈਲਮਟ
- ਭੋਜਨ (ਪਰ ਐਪਲਾਈਡ ਬੀਹੇਵੀਅਰ ਅਨੈਲਸਿਜ਼ ਥੈਰਪੀ ਦੌਰਾਨ ਦਿਤਾ ਗਿਆ ਥੋੜ੍ਹਾ-ਥੋੜ੍ਹਾ ਭੋਜਨ ਯੋਗ ਖਰਚਾ ਹੋ ਸਕਦਾ ਹੈ)

ਹੇਠਾਂ ਅਜਿਹੀਆਂ ਸੇਵਾਵਾਂ ਦੀਆਂ ਮਿਸਾਲਾਂ ਹਨ ਜਿਨ੍ਹਾਂ ਲਈ ਖਰਚੇ ਅਯੋਗ ਹਨ:

- ਬੱਚਿਆਂ ਦੀ ਦੇਖ-ਰੇਖ
- ਰਾਹਤ ਦੁਆਉਣੀ
- ਲੈੱਸਨ (ਗਰੁੱਪ ਜਾਂ ਵਿਅਕਤੀਗਤ), ਜਿਵੇਂ ਤੈਰਨ ਜਾਂ ਕਰਾਟੀ ਸਿਖਣ ਦੇ
- ਡਾਕਟਰੀ ਸੇਵਾਵਾਂ

***ਸਾਰੇ ਅਯੋਗ ਖਰਚੇ ਇਥੇ ਨਹੀਂ ਦੱਸੇ ਗਏ। ਪਰਿਵਾਰਾਂ ਨੂੰ ਸਿਫਾਰਸ਼ ਕੀਤੀ ਜਾਂਦੀ ਹੈ ਕਿ ਸਾਮਾਨ ਖਰੀਦਣ ਤੋਂ ਪਹਿਲਾਂ ਉਹ ਪਰਵਾਨਗੀ ਲਈ ਆਟਿਜ਼ਮ ਫੰਡਿੰਗ ਯੂਨਿਟ ਨਾ.ਲ 1-877-777-3530 ਉਤੇ ਸੰਪਰਕ ਕਰ ਲੈਣ।***



BRITISH COLUMBIA

The Best Place on Earth